1920 ਤੋਂ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 104
ਨੰਬਰ 02

੪ ਤੋਂ ੧੭ ਫੱਗਣ ੨੦੮੦ ਬਿ.
16 to 29 Februrary 2024

# ਸਤਿਜੁਗ



# ਇਲਾਕਾ ਜੀਵਨ ਨਗਰ ਦਾ ਦੌਰਾ

ਮਿਤੀ: 10 ਤੋਂ 12 ਜਨਵਰੀ 2024

















# ਸਤਿਜੁਗ

ੴ ਤੋਂ ੧੭ ਫੱਗਣ ੨੦੮੦ ਬਿ.
16 ਤੋਂ 29 ਫਰਵਰੀ 2024 ਈ.
ਜਿਲਦ 104, ਨੰਬਰ 2

ਸਲਾਹਕਾਰ ਮੈਂਬਰ
ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh
ਸਹਿ ਸੰਪਾਦਕ: ਗੁਰਭਗਤ ਸਿੰਘ

*Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ

ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898
89267-83000, 98155-75099
***Email- Satjug@sribhainisahib.com***

# ਤਤਕਰਾ

* ਸੰਪਾਦਕੀ........................................4
* ਗੁਰਬਾਣੀ ਵਿਆਖਿਆ..............................6
* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਾਮਧਾਰੀ ਪੰਥ ਦਾ ਯੋਗਦਾਨ
ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)....................8
* ਮਾਧੋ ਸਾਧੂ ਜਨ ਏਹੁ ਮਿਲਾਇ
ਗੁਰੁਬਚਨ ਸਿੰਘ ਨਾਮਧਾਰੀ............................15
* ਗੁਰਮੁਖੀਆ ਮੁਹ ਸੋਹਣੇ ਗੁਰ ਕੈ ਹੇਤਿ ਪਿਆਰਿ
ਹਰਪਾਲ ਸਿੰਘ ਸੋਧੀ..................................19
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ..............................23
* ਅੱਖੀਂ ਡਿੱਠਾ ਕਿੱਸਾ ਕੀਤਾ
ਸੰਪਾ: ਸੁਵਰਨ ਸਿੰਘ ਵਿਰਕ..........................26
* **Uk Museum awarded £ 2,00,000 grant to mark legacy of Maharaja Duleep Singh**..........29
* **Guru Nanak Dev Ji**
**Amar Kaur Randhawa**..........30
* ਕਾਵਿ-ਕਿਆਰੀ......................................33
* ਬੱਚਿਆਂ ਦਾ ਪੰਨਾ...................................34
* ਸੁੱਚੇ ਮੋਤੀ........................................35
* ਖ਼ਬਰਨਾਮਾ.........................................36
* **Matrimonial**..........42

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਸੰਪਾਦਕੀ

ਡਾ. ਰਾਧਾ ਕ੍ਰਿਸ਼ਨਨ ਨੇ ਆਪਣੇ ਇਕ ਭਾਸ਼ਣ ਵਿੱਚ ਕਿਹਾ ਸੀ "ਰੱਬ ਪਿਆਰ ਹੈ। ਜੇ ਕੋਈ ਪਿਆਰ ਵਿਰੁੱਧ ਪਾਪ ਕਰਦਾ ਹੈ ਉਹ ਰੱਬ ਵਿਰੁੱਧ ਪਾਪ ਕਰਦਾ ਹੈ।" ਮਨੁੱਖਾ ਦੇਹੀ ਬਿਨਾਂ ਪ੍ਰੇਮ ਤੋਂ ਸਿਰਫ਼ ਮਾਸ ਦਾ ਪੁਤਲਾ ਹੈ। ਜੋ ਨੈਤਿਕ ਗੁਣ ਮਨੁੱਖ ਅੰਦਰ ਹੋਣੇ ਚਾਹੀਦੇ ਹਨ ਉਹਨਾਂ ਨੂੰ ਦਿਲ ਅੰਦਰ ਪੈਦਾ ਕਰਨ ਲਈ ਪ੍ਰੇਮ ਹੋਣਾ ਜ਼ਰੂਰੀ ਹੈ। ਪ੍ਰੇਮ ਤੋਂ ਸੱਖਣੇ ਮਨੁੱਖ ਜ਼ਿੰਦਗੀ ਦੇ ਅਸਲੀ ਰਸ ਤੋਂ ਵਿਹੂਣ ਮਰਦੇ ਹਨ। ਉਹ ਹਮੇਸ਼ਾਂ ਸ਼ਕਾਇਤ ਦੇ ਸੁਭਾਉ ਵਿੱਚ ਰਹਿੰਦੇ ਨੇ। ਪ੍ਰੇਮੀ ਹਰ ਚੀਜ ਵਿਚੋਂ ਪਿਆਰੇ ਨੂੰ ਵੇਖਦਾ ਹੈ। ਉਸ ਦੀਆਂ ਦਿੱਤੀਆਂ ਦਾਤਾਂ ਲਈ ਸ਼ੁਕਰਗੁਜ਼ਾਰ ਰਹਿੰਦਾ ਹੈ। ਹਰ ਜੀਵ ਪ੍ਰਤੀ ਉਸ ਦਾ ਲਗਾਵ ਸਦੀਵੀ ਹੁੰਦਾ ਹੈ ਜਿਸ ਵਿਚੋਂ ਹਮੇਸ਼ਾ ਪ੍ਰੇਮ ਮਹਿਕ ਆਉਂਦੀ ਹੈ। ਇਸ ਤਰ੍ਹਾਂ ਦਾ ਮਨੁੱਖ ਕਦੀ ਕਿਸੇ ਦਾ ਮਾੜਾ ਨਹੀਂ ਸੋਚ ਸਕਦਾ। ਇਸ ਕਰਕੇ ਦੁਨੀਆਂ ਦੇ ਸਾਰੇ ਧਰਮ ਗ੍ਰੰਥ ਮਨੁੱਖ ਨੂੰ ਉਤਮ ਮਨੁੱਖ ਬਨਣ ਲਈ ਪ੍ਰੇਮ ਦਾ ਸੰਦੇਸ਼ ਦਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਪ੍ਰਭੂ ਪ੍ਰਾਪਤੀ ਲਈ ਕੀਤੀਆਂ ਵੱਖ-ਵੱਖ ਪਧਤੀਆਂ ਨੂੰ ਵਿਅਰਥ ਦੱਸਦੇ ਹੋਏ ਕਹਿੰਦੇ ਹਨ-

ਸਾਚ ਕਹੋਂ ਸੁਨਿ ਲੇਹੁ ਸਭੈ ਜਿਨ
ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥

ਜਿਸ ਜਗਿਆਸੂ ਅੰਦਰ ਪ੍ਰੇਮ ਦਾ ਦੀਪ ਨਹੀਂ ਜਗਿਆ ਉਸ ਦੀ ਵਿਦਿਆ, ਸਾਧਨਾ ਸਭ ਵਿਅਰਥ ਹੁੰਦੀ ਹੈ। ਪ੍ਰੇਮ ਕਿਸੇ ਨੂੰ ਦੁਖੀ ਨਹੀਂ ਦੇਖ ਸਕਦਾ, ਕਿਸੇ ਨੂੰ ਦੁਖੀ ਕਰ ਨਹੀਂ ਸਕਦਾ। ਪ੍ਰੇਮ ਤਾਂ ਏਕਤਾ ਹੈ ਜੋ ਅਲਹਿਦਗੀ, ਲਾਲਚ, ਘਿਰਣਾ, ਕਸ਼ਟ ਦੇਣਾ ਆਦਿ ਬੁਰਿਆਈਆਂ ਨਾਲ ਟਕਰਾਉਂਦੀ ਹੈ।

ਗੁਰੂ ਨਾਨਕ ਪਾਤਸ਼ਾਹ ਉਦਾਸੀਆਂ ਕਰ ਪ੍ਰੇਮ ਦੀ ਜੋਤਿ ਹਰ ਹਨੇਰੇ ਵਿੱਚ ਜਗਾਈ। ਸਿਖ ਧਰਮ ਦਾ ਪਹਿਲਾ ਗੀਤ ਪ੍ਰੇਮ ਦਾ ਸੀ ਜੋ ਰਬਾਬ ਦੀ ਧੁੰਨ 'ਤੇ ਪੈਦਾ ਹੋਇਆ। ਉਹ ਪ੍ਰੇਮ ਗੀਤ ਜੋ ਸਾਰੀ ਮਨੁੱਖਤਾ ਦਾ ਸਾਂਝਾ ਸੀ। ਜਿਸ ਵਿੱਚ ਪ੍ਰਕਿਰਤੀ, ਜੀਵ ਜੰਤੂ ਸਭ ਸ਼ਾਮਲ ਸਨ। ਗੁਰੂ ਜੀ ਨੇ ਮਧੁਰ ਧੁਨ ਵਿੱਚ ਗਾਇਆ–

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰ ਧਰਿ ਤਲੀ ਗਲੀ ਮੇਰੀ ਆਉ॥
ਇਤ ਮਾਰਗ ਪੈਰ ਧਰੀਜੈ
ਸਿਰ ਦੀਜੈ ਕਾਣਿ ਨ ਕੀਜੈ॥

ਸਿਆਣਪ ਮਨੁੱਖ ਦੇ ਅਮਲਾਂ ਦਾ ਰੂਪ ਹੈ ਤੇ ਪ੍ਰੇਮ ਪ੍ਰਕਿਰਤੀ ਦੀ ਆਜ਼ਾਦ ਪ੍ਰਵਿਰਤੀ ਹੈ। ਇਸ ਨੂੰ ਵਿਦਵਾਨਾਂ ਨੇ ਮੌਤ ਤੋਂ ਵੀ ਬਲਵਾਨ ਮੰਨਿਆ ਹੈ। ਕਿਉਂਕਿ ਇਹ ਜਿੰਦਗੀ ਉਸਾਰਨ ਦਾ ਦਮ ਰੱਖਦਾ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਕਹਿੰਦਾ ਸੀ–

"ਪਿਆਰ ਤ੍ਰਾਟਾਂ ਬਿਨਾਂ ਮਨੁੱਖੀ ਜੀਵਨ ਮੋਟਾ ਬਣ ਜਾਂਦਾ ਹੈ ਪਰ ਮੈਂ ਤੁਹਾਨੂੰ ਇਹੀ ਸਲਾਹ ਦਿਆਂਗਾ ਕਿ ਪਿਆਰ ਕਰਨਾ ਚੰਗੀ ਤਰ੍ਹਾਂ ਕਰਨਾ, ਮੁੜ ਮੁੜ ਕਰਨਾ... ਹਰੇਕ ਮਨੁੱਖੀ ਖ਼ੂਬੀ ਪਿਆਰ ਨਾਲ ਚਮਕਦੀ ਹੈ– ਸੁਖਦਾਈ ਹੋਵੇ ਜਾ ਨਾ ਹੋਵੇ, ਖ਼ੂਬੀਆਂ ਦਾ ਸੋਮਾਂ ਇਹੀ ਹੈ। ਅੰਤ ਤੱਕ ਇਹ ਸਰੀਰ ਤੇ ਮਨ ਨੂੰ ਕੋਮਲ ਰੱਖ ਸਕਦਾ ਹੈ ਜਿਨੇ ਮੋਟੇ ਭੱਦੇ ਮੁਜ਼ਰਿਮ ਝਾਤੀ ਵਾਲੇ ਆਦਮੀ ਤੁਹਾਨੂੰ ਨਜ਼ਰ ਆਉਂਦੇ ਹਨ ਸਭ ਉਹੀ ਹਨ ਜਿਨ੍ਹਾਂ ਪਿਆਰ ਕਰਨਾ ਛੱਡ ਦਿੱਤਾ ਹੈ।"

ਸਾਡੇ ਗੁਰੂਆਂ ਅਤੇ ਭਗਤਾਂ ਨੇ ਇਸ ਅਦਭੁਤ ਪਿਆਰ ਦੀਆਂ ਕਮਾਲ ਮਿਸਾਲਾ ਸਾਡੇ ਲਈ ਪੇਸ਼ ਕੀਤੀਆਂ। ਜੰਗਾ ਜੁਧਾਂ ਦੇ ਸਮੇਂ ਵੀ ਇਸ ਪ੍ਰੇਮ ਭਾਵ ਨੂੰ ਛਿਣ ਮਾਤਰ ਵੀ ਆਪਣੇ ਤੋਂ ਦੂਰ ਨਹੀਂ ਕੀਤਾ। ਭਾਈ ਘਨੱਈਆ ਜੀ ਨੂੰ ਪਾਣੀ ਦੇ ਨਾਲ ਮਲਮ ਪੱਟੀ ਕਰਨ ਦਾ ਵੀ ਹੁਕਮ ਦਿੱਤਾ। ਭਾਈ ਜੀ ਨੇ ਪ੍ਰੇਮ ਦੇ ਸਹੀ ਅਰਥ ਪੜ੍ਹ ਲਏ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਅਟੁੱਟ ਡੋਰ ਸੀ–

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ।

ਅੱਜ ਜਦੋਂ ਅਸੀਂ ਵੇਖਦੇ ਹਾਂ ਕਿ ਸਿੱਖ ਕਹਾਉਣ ਵਾਲਿਆਂ ਦਾ ਅੰਦਰ ਪ੍ਰੇਮ ਤੋਂ ਸੱਖਣਾ ਹੋ ਰਿਹਾ ਹੈ। ਸਾਨੂੰ ਤਾਂ ਸਾਰੀ ਪ੍ਰਕਿਰਤੀ ਨਾਲ ਪ੍ਰੇਮ ਦਾ ਪਾਠ ਗੁਰੂ ਨਾਨਕ ਦੀ ਜੋਤਿ ਨੇ ਪੜ੍ਹਾਇਆ ਪਰ ਅਸੀਂ ਇਹ ਪੜ੍ਹਾਈ ਕਿਹੜੇ ਸਕੂਲ 'ਚ ਪੜ੍ਹ ਗਏ ਕਿ ਗੁਰਦੁਆਰਿਆਂ ਅੰਦਰ ਜੀਵ ਹੱਤਿਆ ਕਰਨ ਲੱਗੇ। ਉਪਦੇਸ਼ ਅਸੀਂ ਕਿਵੇਂ ਭੁਲਾ ਦਿੱਤਾ–

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥

ਟੈਗੋਰ ਕਹਿੰਦੇ ਸੀ– ਹਰ ਜੀਵਨ ਦੇ ਅੰਦਰ ਅਨੰਤ ਦੇ ਅਨੁਭਵ ਹੋਣ ਦਾ ਦੂਜਾ ਨਾਂ ਹੀ ਪ੍ਰੇਮ ਹੈ।

ਗੁਰੂ ਅਰਜਨ ਦੇਵ ਜੀ ਚਉਬੋਲਿਆਂ ਵਿੱਚ ਫ਼ਰਮਾਨ ਕਰਦੇ ਹਨ–

ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ
ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ॥

ਅਸੀਂ ਇਸ ਤਰ੍ਹਾਂ ਦੇ ਅਨੈਤਿਕ ਜੀਵਨ ਦੇ ਤਾਂ ਹੀ ਧਾਰਨੀ ਬਣੇ ਸਾਡੇ ਅੰਦਰੋ ਪ੍ਰੇਮ ਰਸ ਸੁੱਕ ਗਿਆ। ਇਹ ਪ੍ਰੇਮ ਹੀ ਜ਼ਿੰਦਗੀ ਦਾ ਸਹੀ ਅਰਥ ਹੈ।

..................................................

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਪਉੜੀ॥**

**ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ॥**

ਜੰਗ ਦੀ ਆਰੰਭਤਾ ਦਾ ਸੂਚਕ ਘੜਿਆਲ ਵੱਜਣ ਮਗਰੋਂ ਨਗਾਰਿਆਂ ਦੀ ਧਮਕ ਨਾਲ ਸੂਰਮੇ ਖੁਸ਼ੀ ਵਜੋਂ ਝੂਮ ਉੱਠੇ।

With the sounding of war trumpet, drums thundered in the battlefield, which delighted the warriors.

**ਝੂਲਨ ਨੇਜੇ ਬੈਰਕਾਂ ਨੀਸਾਣ ਲਸਨਿ ਲਸਾਵਲੇ॥**

ਸੂਰਮਿਆਂ ਦੇ ਹੱਥਾਂ ਵਿੱਚ ਫੜੇ ਨੇਜ਼ੇ, ਝੰਡੀਆਂ ਅਤੇ ਵੱਡੇ ਚਮਕਦਾਰ ਝੰਡੇ ਲਹਿਰਾ ਰਹੇ ਸਨ।

Pennants on lances and gigantic flags were waving.

**ਢੋਲ ਨਗਾਰੇ ਪਉਣ ਦੇ ਊਘਣ ਜਾਣੁ ਜਟਾਵਲੇ॥**

ਢੋਲ ਅਤੇ ਨਗਾਰੇ ਅਜਿਹਾ ਨਾਦ ਪੈਦਾ ਕਰ ਰਹੇ ਸਨ ਕਿ ਮਾਨੋ ਬੱਬਰ ਸ਼ੇਰ ਬੁੱਕ ਰਹੇ ਹੋਣ।

The sounds of drum and trumpets appeared like the roaring of lions.

**ਦੁਰਗਾ ਦਾਨੋ ਡਹੇ ਰਣ ਨਾਦ ਵੱਜਨ ਖੇਤ ਭੀਹਾਵਲੇ॥**

ਦੇਵੀ ਅਤੇ ਰਾਖਸ਼ ਆਹਮੋ-ਸਾਹਮਣੇ ਜੁੱਟ ਪਏ, ਮੈਦਾਨੇ-ਜੰਗ ਵਿੱਚ ਮਾਰੂ ਧੁਨੀਆਂ ਵੱਜ ਉੱਠੀਆਂ।

The Goddess and the demons engaged in battlefield, whereby the dreadful sound resonated.

**ਬੀਰ ਪਰੋਤੇ ਬਰਛੀਏਂ ਜਣੁ ਡਾਲ ਚਮੁੱਟੇ ਆਵਲੇ॥**

ਸੂਰਮਿਆਂ ਦੇ ਸਿਰ ਬਰਛੀਆਂ ਵਿੱਚ ਇੰਜ ਪਰੋਏ ਪਏ ਸਨ, ਜਿਵੇਂ ਕਿ ਰੁੱਖ ਦੀ ਟਾਹਣੀ ਨਾਲ ਔਲੇ ਲੱਗੇ ਹੋਣ।

Warriors got pierced by dagger as if gooseberries are attached on the tree branch.

**ਇਕਿ ਵੱਢੇ ਤੇਗੀਂ ਤੜਫਨ ਮਦ ਪੀਤੇ ਲੋਟਨਿ ਬਾਵਲੇ॥**

ਤਲਵਾਰਾਂ ਦੇ ਫੱਟ ਖਾ ਕੇ ਸੂਰਮੇ ਧਰਤੀ 'ਤੇ ਇਸ ਤਰ੍ਹਾਂ ਤੜਫ ਰਹੇ ਸਨ, ਜਿਵੇਂ ਨਸ਼ੇ ਵਿੱਚ ਗੁੱਟ ਸ਼ਰਾਬੀ ਲੋਟਣੀਆਂ ਖਾ ਰਹੇ ਹੋਣ।

Those who got pierced by sword (of Durga) rolled in pain like drunk madmen.

**ਇਕਿ ਚੁਣਿ ਚੁਣਿ ਝਾੜਉ ਕਢੀਅਨ ਰੇਤ ਵਿੱਚੋਂ ਸੁਇਨਾ ਡਾਵਲੇ॥**

ਦਲਾਂ ਵਿੱਚੋਂ ਸੂਰਮਿਆਂ ਨੂੰ ਇਸ ਤਰ੍ਹਾਂ ਚੁਣ-ਚੁਣ ਕੇ ਕੱਢਿਆ ਜਾ ਰਿਹਾ ਸੀ, ਜਿਵੇਂ ਰੇਤ ਵਿੱਚੋਂ ਨਿਆਰੀਏ ਸੋਨਾ ਕੱਢਦੇ ਹਨ।

The warriors were being picked up from the battle formations, similar to the way gold is picked up from the sand.

**ਗਦਾ ਤ੍ਰਿਸੂਲਾਂ ਬਰਛੀਆਂ ਤੀਰ ਵਗਨ ਖਰੇ ਉਤਾਵਲੇ॥**
ਸੂਰਮੇ ਗਦਾ, ਤ੍ਰਿਸੂਲਾਂ ਤੇ ਬਰਛੀਆਂ ਤੇਜ਼ੀ ਨਾਲ ਵਾਹ ਰਹੇ ਸਨ ਅਤੇ ਇਓਂ ਹੀ ਤੀਰ ਛੱਡੇ ਜਾ ਰਹੇ ਸਨ।
The demons were weilging maces, tridents, daggers and arrows in hurry and blindly.

**ਜਣੁ ਡਸੇ ਭੁਜੰਗਮ ਸਾਵਲੇ॥**
ਮਾਨੋਂ ਇਹ ਹਥਿਆਰ ਸੂਰਮਿਆਂ ਨੂੰ ਕਾਲੇ ਸੱਪਾਂ ਵਾਂਗੂੰ ਡੰਗ ਮਾਰ ਰਹੇ ਸਨ।
As if bitten by black pythons

**ਮਰ ਜਾਵਨ ਬੀਰ ਰੁਹਾਵਲੇ॥8॥**
ਜਿਸ ਤੋਂ ਗੁੱਸੇ ਦੇ ਭਰੇ ਯੋਧੇ ਮਰਦੇ ਜਾਂਦੇ ਸਨ।
the warriors kept dying in rage.

**ਪਉੜੀ॥**
**ਦੇਖਨ ਚੰਡ ਪ੍ਰਚੰਡ ਨੂੰ ਰਣ ਘੁਰੇ ਨਗਾਰੇ॥**
ਕ੍ਰੋਧ ਵਿੱਚ ਤਪ ਰਹੀ ਚੰਡੀ ਨੂੰ ਵੇਖਦਿਆਂ ਹੀ ਮੈਦਾਨ ਵਿੱਚ ਨਗਾਰੇ ਖੜਕ ਉੱਠੇ।
Seeing the inflamed Chandi, demons sounded the trumpets in the battlefield.

**ਧਾਏ ਰਾਕਸ ਰੋਹਲੇ ਚਉਗਿਰਦੋਂ ਭਾਰੇ॥**
ਗੁੱਸੇ ਨਾਲ ਭਰੇ ਵੱਡੇ ਰਾਖਸ਼ ਚਹੁੰ ਪਾਸਿਓਂ ਹੀ ਦੌੜ ਆਏ।
The enraged demons came in huge numbers from the four directions.

**ਹੱਥੀਂ ਤੇਗਾਂ ਪਕੜਿ ਕੈ ਰਣ ਭਿੜੇ ਕਰਾਰੇ॥**
ਹੱਥਾਂ ਵਿੱਚ ਤਲਵਾਰਾਂ ਫੜ੍ਹ ਕੇ ਮੈਦਾਨੇ-ਜੰਗ ਵਿੱਚ ਪੱਬਾਂ ਭਾਰ ਹੋ ਕੇ ਲੜਨ ਲੱਗ ਪਏ।
Holding swords in their hands, the demons fought gallantly.

**ਕਦੇ ਨ ਨੱਠੇ ਜੁੱਧ ਤੇ ਜੋਧੇ ਜੁੱਝਾਰੇ॥**
ਇਹ ਉਹ ਜੁਝਾਰੂ ਸੂਰਮੇ ਸਨ, ਜੋ ਕਦੇ ਮੈਦਾਨੇ-ਜੰਗ ਵਿੱਚੋਂ ਭੱਜੇ ਨਹੀਂ ਸਨ।
Those warriors had never run away from a war.

**ਦਿਲ ਵਿਚਿ ਰੋਹ ਬਢਾਇਕੈ ਮਾਰ ਮਾਰ ਪੁਕਾਰੇ॥**
ਗੁੱਸੇ ਦੇ ਭਰੇ ਸੂਰਮੇ ਮਾਰੋ-ਮਾਰ ਕੂਕ ਰਹੇ ਸਨ।
Filled with anger, they exclaimed, 'Kill! Kill!'

**ਮਾਰੇ ਚੰਡ ਪ੍ਰਚੰਡ ਨੈ ਬੀਰ ਖੇਤ ਉਤਾਰੇ॥**
ਉਹਨਾਂ ਨੂੰ ਮਹਾਨ ਤੇਜੱਸਵੀ ਚੰਡਿਕਾ ਨੇ ਮੈਦਾਨੇ-ਜੰਗ ਵਿੱਚ ਮਾਰ ਕੇ ਲਿਟਾ ਦਿੱਤਾ।
The inflamed Chandi killed those warriors and laid them flat in battlefield.

**ਨਾਮਧਾਰੀ ਨਿਤਨੇਮ ਸਟੀਕ 'ਚੋਂ**

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਾਮਧਾਰੀ ਪੰਥ ਦਾ ਯੋਗਦਾਨ



**ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)**
**97177-69103**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਸਿਖਾਂ ਦੀ ਸਿਰਮੌਰ ਸੰਸਥਾ ਹੈ ਜਿਸਨੂੰ ਕਾਇਮ ਕਰਨ ਲਈ ਸਮੁੱਚੇ ਪੰਥ ਨੇ ਜਿਸ ਵਿੱਚ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਪ੍ਰਦਾਵਾਂ- ਨਿਰਮਲੇ, ਨਿਹੰਗ, ਸੇਵਾ ਪੰਥੀ, ਨਿਰੰਕਾਰੀ ਅਤੇ ਨਾਮਧਾਰੀ ਮਹਾਂਪੁਰਸ਼ਾਂ ਨੇ ਆਪਣਾ ਭਰਪੂਰ ਹਿੱਸਾ ਪਾਇਆ ਅਤੇ ਕੁਰਬਾਨੀਆਂ ਦੇ ਕੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੂੰ ਕਾਮਯਾਬ ਕੀਤਾ ਸੀ। ਪ੍ਰੰਤੂ ਸਾਡੇ ਵਿਦਵਾਨ ਨਾਮਧਾਰੀ ਸੰਪ੍ਰਦਾਇ ਜੋ ਅੱਜ ਨਾਮਧਾਰੀ ਜਗਤ ਬਣ ਚੁੱਕਾ ਹੈ, ਉਸਦੇ ਯੋਗਦਾਨ ਨੂੰ ਭੁੱਲ ਗਏ ਹਨ। ਸੰਸਥਾ ਦੇ ਇਤਿਹਾਸ ਨੂੰ ਵਰਣਨ ਕਰਨ ਸਮੇਂ ਨਾਮਧਾਰੀਆਂ ਦੇ ਯੋਗਦਾਨ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ। ਮੈਂ ਇਸ ਪੇਪਰ ਵਿੱਚ ਨਾਮਧਾਰੀ ਜਗਤ ਦੇ ਉਸ ਯੋਗਦਾਨ ਨੂੰ ਇਤਿਹਾਸਕ ਸਬੂਤਾਂ ਸਹਿਤ ਲਿਖਕੇ ਵਿਦਵਾਨਾਂ ਸਾਹਮਣੇ ਲਿਆਵਾਂਗਾ, ਆਸ ਕਰਦਾ ਹਾਂ ਕਿ ਸਾਰੇ ਸਰੋਤੇ ਅਤੇ ਪਾਠਕ ਮੇਰੇ ਇਸ ਯਤਨ ਦੀ ਪ੍ਰਸੰਸਾਂ ਕਰਨਗੇ।

ਸ੍ਰੀ ਅੰਮ੍ਰਿਤਸਰ, ਸਿੱਖੀ ਦਾ ਕੇਂਦਰ- ਸ੍ਰੀ ਅੰਮ੍ਰਿਤਸਰ, ਮੁੱਢ ਕਦੀਮ ਤੋਂ ਸਿਖ ਧਰਮ ਦੇ ਉਥਾਨ ਸਮੇਂ ਤੋਂ ਸਿੱਖੀ ਦਾ ਕੇਂਦਰ ਰਿਹਾ ਹੈ। ਭਾਵੇਂ ਸਿਖ ਲਈ ਹਰ ਇਤਿਹਾਸਕ ਗੁਰਦੁਆਰਾ ਵਿਸ਼ੇਸ਼ ਸ਼ਰਧਾ ਦਾ ਕੇਂਦਰ ਹਮੇਸ਼ਾ ਰਿਹਾ ਹੈ ਪ੍ਰੰਤੂ ਅਣਵੰਡੇ ਪੰਜਾਬ ਦੇ ਸਮੇਂ ਤੋਂ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਨਨਕਾਣਾ ਸਾਹਿਬ ਸਦੀਆਂ ਤੋਂ ਖਿੱਚ ਦਾ ਕੇਂਦਰ ਬਣੇ ਰਹੇ ਹਨ। ਸਭ ਤੋਂ ਵੱਧ ਸ੍ਰੀ ਅੰਮ੍ਰਿਤਸਰ ਪ੍ਰਤੀ ਸਿਖਾਂ ਦੀ ਵਿਸ਼ੇਸ਼ ਖਿੱਚ ਰਹੀ ਹੈ। ਸ੍ਰੀ ਅੰਮ੍ਰਿਤਸਰ ਜੀ ਕੇ ਦਰਸ਼ਨ ਇਸ਼ਨਾਨ ਕਰਨ ਦੀ ਇੱਛਾ ਹਰ ਸਿੱਖ ਮਾਈ ਭਾਈ ਜੋ ਦੇਸ਼ਾਂ-ਵਿਦੇਸ਼ਾਂ ਵਿੱਚ ਰਹਿੰਦੇ ਹਨ, ਉਹਨਾਂ ਵਿੱਚ ਰਹਿੰਦੀ ਹੈ।

ਸ਼ਾਇਦ ਇਹੋ ਕਾਰਨ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਅੰਮ੍ਰਿਤਸਰ ਨੂੰ ਨਾਮਧਾਰੀ ਪੰਥ ਦਾ ਪ੍ਰਮੁੱਖ ਕੇਂਦਰ ਬਣਾਉਣਾ ਚਾਹੁੰਦੇ ਸਨ।[1] ਇਹੋ ਕਾਰਨ ਹੈ ਕਿ 1862 ਈ. ਅਤੇ 1867 ਈ. ਦੇ ਸਤਿਗੁਰੂ ਰਾਮ ਸਿੰਘ ਜੀ ਦੇ ਸ੍ਰੀ ਅੰਮ੍ਰਿਤਸਰ ਆਉਣ ਸਮੇਂ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਪੁਜਾਰੀਆਂ ਨੇ ਤਾਂ ਸਤਿਗੁਰਾਂ ਦੀ ਪ੍ਰਭੁਤਾ ਦੇਖ ਕੇ ਔਖੇ ਹੋਣਾ ਹੀ ਸੀ, ਸਗੋਂ ਬ੍ਰਿਟਿਸ਼ ਹਕੂਮਤ ਦੀ ਵੀ ਨੀਂਦ ਹਰਾਮ ਹੋ ਗਈ ਸੀ।[2] ਉਹ ਨਹੀਂ ਸੀ ਚਾਹੁੰਦੇ ਕਿ ਸਤਿਗੁਰਾਂ ਦਾ ਜੱਸ ਸਾਰੀ ਲੋਕਾਈ ਵਿੱਚ ਫੈਲੇ ਪ੍ਰੰਤੂ ਫਰੰਗੀ ਸਰਕਾਰ ਨੂੰ ਨਾਮਧਾਰੀ ਪੰਥ ਵਿਚੋਂ ਬਗਾਵਤ ਦੀ ਬੋ ਆ ਰਹੀ ਸੀ। ਇਸਦੀ ਪੁਸ਼ਟੀ 1879 ਈ. ਦੀ ਫਾਈਲ ਵਿੱਚ ਅੰਗਰੇਜ਼ਾਂ ਦੀ ਟਿਪਣੀ ਉਹਨਾਂ ਤੱਥਾਂ ਅਤੇ ਸਚਾਈ ਨੂੰ ਹੋਰ ਸਪਸ਼ਟ ਕਰ ਦੇਂਦੀ ਹੈ[3]-

"Kuka troubles might have taken a diffirent complexion if the Amtirsar shrine had been the Centre of the Kukaism"

"ਕੂਕਾ ਅੰਦੋਲਨ ਹੋਰ ਔਖਿਆਈ ਦਾ ਕਾਰਨ ਬਣ ਜਾਂਦਾ ਅਗਰ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਕੂਕਾ ਪ੍ਰਚਾਰ ਦਾ ਕੇਂਦਰ ਬਣ ਜਾਂਦਾ। "

ਫਰੰਗੀ ਸਰਕਾਰ ਨੇ ਸਿੱਖ ਪੰਥ ਖਾਸ ਕਰਕੇ ਨਾਮਧਾਰੀਆਂ ਨੂੰ ਚਿੜਾਉਣ ਲਈ ਪੰਜਾਬ ਵਿੱਚ ਇਤਿਹਾਸਕ ਸਿਖ ਗੁਰਦੁਆਰਿਆਂ ਦੇ ਨੇੜੇ ਬੁੱਚੜਖਾਨੇ ਖੋਲ੍ਹ ਦਿੱਤੇ ਸਨ। ਉਸ ਸਮੇਂ ਨਾਮਧਾਰੀ ਪੰਥ ਤੋਂ ਬਿਨਾਂ ਹੋਰ ਸਾਰੇ ਵਰਗਾਂ ਦੇ ਸਿੱਖਾਂ ਵਿੱਚ ਸਿਖੀ ਵਾਲੀ ਸਪਿਰਟ ਖਤਮ ਹੀ ਹੋ ਚੁੱਕੀ ਸੀ, ਕੋਈ ਵੀ ਸਿੱਖ ਅੰਗਰੇਜ਼ ਦੇ ਖਿਲਾਫ਼ ਅਵਾਜ਼ ਬੁਲੰਦ ਨਹੀਂ ਸੀ ਕਰ ਸਕਦਾ। ਨਾਮਧਾਰੀਆਂ ਤੋਂ ਬਿਨਾਂ ਹਰ ਕੋਈ ਅੰਗਰੇਜ਼ ਹਕੂਮਤ ਦੀ ਵਡਿਆਈ ਕਰ ਰਿਹਾ ਸੀ। ਗੁਰਦੁਆਰਿਆਂ ਵਿੱਚ "ਜੁਗ ਜੁਗ ਰਾਜ ਸਵਾਇਆ, ਟੋਪੀ ਵਾਲੇ ਦਾ" ਸੋਹਲੇ ਗਾ ਕੇ ਅਰਦਾਸਾਂ ਕੀਤੀਆਂ ਜਾਂਦੀਆ ਸਨ।

ਅੰਗਰੇਜ਼ ਸਰਕਾਰ ਨੇ ਸਾਰੇ ਪੰਜਾਬ ਵਿੱਚ ਪਹਿਲੀ

ਵਾਰ ਸਿਖੀ ਦੇ ਕੇਂਦਰ ਸ੍ਰੀ ਅੰਮ੍ਰਿਤਸਰ ਵਿਖੇ ਨਾਮਧਾਰੀਆਂ ਨੂੰ ਚਿੜਾਉਣ ਲਈ ਦੋ ਬੁੱਚੜਖਾਨੇ ਖੋਲ੍ਹੇ ਸੀ ਜਿਸਦੀ ਪੁਸ਼ਟੀ ਸੰਤ ਨਿਧਾਨ ਸਿੰਘ ਆਲਿਮ ਦੀ ਪੁਸਤਕ ਜੁਗ ਪਲਟਾਊ ਸਤਿਗੁਰੂ ਤੋਂ ਭਲੀ ਭਾਂਤ ਹੋ ਜਾਂਦੀ ਹੈ।[4] ਪਹਿਲਾ ਬੁਚੜਖਾਨਾ ਸਰਕਾਰ ਨੇ ਲਾਹੌਰੀ ਗੇਟ ਦੇ ਬਾਹਰ ਖੋਲ੍ਹਿਆ ਸੀ ਅਤੇ ਦੂਜਾ ਬੁਚੜਖਾਨਾ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਘੰਟਾ ਘਰ ਵਾਲੀ ਥਾਂ ਤੇ ਖੋਲ੍ਹਿਆ ਸੀ ਤਾਂ ਕਿ ਗਊ ਮਾਸ ਦੀ ਵਿਕਰੀ ਨਾਲ ਹਿੰਦੂ ਅਤੇ ਸਿਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੇ। ਸਰਕਾਰ ਦੀਆਂ ਉਨ੍ਹਾਂ ਕੋਝੀਆਂ ਹਰਕਤਾਂ ਕਾਰਨ ਨਾਮਧਾਰੀ ਸੂਰਬੀਰ ਸਿੰਘਾਂ ਨੇ ਸ੍ਰੀ ਅੰਮ੍ਰਿਤਸਰ, ਰਾਇਕੋਟ ਅਤੇ ਮਲੇਰਕੋਟਲੇ ਦੇ ਸਾਕੇ ਵਰਤਾ ਕੇ ਦੇਸ਼ ਭਗਤੀ ਦਾ ਸੂਬਤ ਦਿੱਤਾ ਅਤੇ ਆਪਣੇ ਗੁਰਧਾਮਾਂ ਦੀ ਬੇਅਦਬੀ ਦੇ ਖਿਲਾਫ਼ ਆਪਣੀ ਅਵਾਜ ਬੁਲੰਦ ਕੀਤੀ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਮ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਤੋਂ ਪਹਿਲਾਂ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਪੁਜਾਰੀਆਂ ਉਦਾਸੀਆਂ ਸੰਤਾਂ ਕੋਲ ਸੀ ਜੋ ਪਹਿਲਾਂ ਪਹਿਲ ਤਾਂ ਪੰਥ ਸੇਵਕ ਹੋਇਆ ਕਰਦੇ ਸਨ ਪ੍ਰੰਤੂ ਉਹਨਾਂ ਵਿਚੋਂ ਬਹੁਤ ਸਾਰੇ ਉਦਾਸੀ ਸੰਤ ਮਾਇਆਂ ਦੇ ਪ੍ਰਭਾਵ ਹੇਠ ਵਿਲਾਸੀ ਹੋ ਗਏ ਅਤੇ ਗੁਰਦੁਆਰਿਆਂ ਦੇ ਨਿੱਤ ਦੀ ਮਰਯਾਦਾ ਵਿੱਚ ਕੋਤਾਹੀ ਕਰਨ ਲੱਗ ਪਏ। ਗੁਰਦੁਆਰਿਆਂ ਦੇ ਮਾੜੇ ਪ੍ਰਬੰਧ ਨੂੰ ਦੇਖਕੇ ਗੁਰਸਿੱਖਾਂ ਦੇ ਮਨ ਤੜਪਦੇ ਸਨ, ਭਾਵੇਂ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਪ੍ਰਚਾਰ ਦੌਰਿਆਂ ਸਮੇਂ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਸੁਧਾਰ ਕਰਨ ਵਿੱਚ ਖਾਸ ਧਿਆਨ ਦਿੱਤਾ ਪ੍ਰੰਤੂ ਸਰਕਾਰੀ ਸ਼ਹਿ ਕਾਰਨ ਉਹ ਮਹੰਤ ਕਿਸੇ ਦੀ ਪ੍ਰਵਾਹ ਨਹੀਂ ਸੀ ਕਰਦੇ। ਜੇ ਕਿਧਰੇ ਗੁਰਮੁਖ ਪਿਆਰੇ ਪ੍ਰਬੰਧ ਵਿੱਚ ਸੁਧਾਰ ਕਰਨ ਬਾਰੇ ਸੋਚਦੇ ਤਾਂ ਸਰਕਾਰ ਖ਼ਬਰਦਾਰ ਹੋ ਜਾਂਦੀ ਕਿਉਂ ਕਿ 1857 ਦਾ ਗਦਰ ਅਜੇ ਕੁਝ ਸਾਲ ਪਹਿਲਾਂ ਹੀ ਵਾਪਰਿਆਂ ਸੀ, ਉਸ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਸੰਤ ਖਾਲਸਾ ਨੇ ਅੰਗਰੇਜ਼ ਸਰਕਾਰ ਦੀ ਨੀਂਦ ਹਰਾਮ ਕਰ ਦਿੱਤੀ ਸੀ ਕਿਉਂਕਿ ਸਤਿਗੁਰੂ ਜੀ ਭਲੀ ਭਾਂਤ ਜਾਣਦੇ ਸਨ ਕਿ ਜੇਕਰ ਗੁਰਦੁਆਰਿਆਂ ਦੇ ਪ੍ਰੰਬਧਾ ਦਾ ਸੁਧਾਰ ਹੋ ਜਾਵੇ ਤਾਂ ਸਿੱਖਾਂ ਦਾ ਨੈਤਿਕ ਅਤੇ ਆਚਾਰਣਿਕ ਪੱਧਰ ਉੱਚਾ ਹੋ ਜਾਵੇਗਾ ਅਤੇ ਉਹ ਦੇਸ਼ ਭਗਤ ਬਣ ਕੇ ਅੰਗਰੇਜ਼ ਹਕੂਮਤ ਤੋਂ ਦੇਸ਼ ਨੂੰ ਮੁਕਤ ਕਰਾਉਣ ਅਤੇ ਪ੍ਰਬੰਧਕ ਬਣਾਉਣ ਲਈ ਹੰਭਲੇ ਮਾਰਨਗੇ। ਪੰਜਾਬ ਵਿੱਚ ਆਈ ਜਾਗ੍ਰਤੀ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਯਤਨਾਂ ਸਦਕਾ ਆਈ ਸੀ, ਉਸ ਖਿਲਾਫ਼ ਦੇਸੀ ਰਾਜੇ ਅਤੇ ਕੁਝ ਸਿਖ ਆਗੂ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੂੰ ਮਿਲੇ ਸਨ। ਫਿਰ ਇਸ ਬਾਰੇ ਭਾਰਤ ਦੇ ਵਾਇਸਰਾਏ ਲਾਰਡ ਰਿਪਨ ਤੱਕ ਵੀ ਇਹ ਗੱਲ ਪਹੁੰਚੀ ਸੀ। ਪੰਜਾਬ ਦੇ ਲੈਫਟੀਨੇਂਟ ਗਵਰਨਰ ਆਰ.ਈ. ਈਗਰਟਨ ਨੇ ਵਾਇਸਰਾਇ ਨੂੰ ਇਸ ਪ੍ਰਕਾਰ ਖਬਰਦਾਰ ਕੀਤਾ ਸੀ[5]-

"I think it would be politically dangerous to allow the management of the sikh skrines to fell into the hands and I trust your excellency will assist to pass such orders in the case as will enable to continue the system which has worked out successfully for more than 30 years...."

R.E. Egerton 8-11-1881

"ਮੇਰਾ ਖਿਆਲ ਹੈ ਕਿ ਸਿੱਖ ਗੁਰਦੁਆਰਿਆਂ ਦਾ ਇੰਤਜ਼ਾਮ ਇਕ ਅਜਿਹੀ ਕਮੇਟੀ, ਜੋ ਸਰਕਾਰੀ ਕੰਟਰੋਲ ਤੋਂ ਆਜ਼ਾਦ ਹੋਵੇ ਦੇ ਹੱਥ ਵਿੱਚ ਦੇਣਾ, ਸਿਆਸੀ ਪੱਖ ਤੋਂ ਖਤਰਨਾਕ ਹੋਵੇਗਾ ਅਤੇ ਮੈਂ ਉਮੀਦ ਕਰਦਾ ਹਾਂ ਕਿ ਜਨਾਬ ਅਜਿਹੇ ਹੁਕਮ ਜਾਰੀ ਕਰਵਾਉਣ ਵਿੱਚ ਮਦਦਗਾਰ ਹੋਣਗੇ, ਜਿਸ ਨਾਲ ਪਿਛਲੇ 30 ਸਾਲ ਤੋਂ ਕਾਮਯਾਬੀ ਨਾਲ ਚਲਦਾ ਇੰਤਜ਼ਾਮ ਜਾਰੀ ਰਹੇਗਾ।"

ਆਰ. ਈ. ਈਗਰਟਨ 8-11-1881

ਭਾਵੇਂ ਅੰਗਰੇਜ਼ ਹਕੂਮਤ ਗੁਪਤ ਤੌਰ ਤੇ ਗੁਰਦੁਆਰਿਆਂ ਨੂੰ ਕਿਸੇ ਕਮੇਟੀ ਦੇ ਅਧੀਨ ਨਹੀਂ ਕਰਨਾ ਚਾਹੁੰਦੀ ਸੀ ਪ੍ਰੰਤੂ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰਚੰਡ ਕੀਤੀ ਲਹਿਰ ਮੱਠੀ ਨਾ ਪਈ। ਸਤਿਗੁਰੂ ਜੀ ਨੂੰ 1872 ਈ. ਵਿੱਚ ਜਲਾਵਤਨ ਕਰਕੇ ਸਰਕਾਰ ਸਮਝਦੀ ਸੀ ਕਿ ਸਤਿਗੁਰੂ ਜੀ ਦਾ ਮਿਸ਼ਨ ਨੇਸ ਤੋਂ ਨਾਬੂਦ ਹੋ ਗਿਆ ਹੈ ਪ੍ਰੰਤੂ ਇਹ ਉਸਦੀ ਭੁੱਲ ਸੀ।

10 ਤੋਂ 12 ਅਕਤੂਬਰ 1920 ਈ. ਨੂੰ "ਖਾਲਸਾ ਬਰਾਦਰੀ" ਜਿਸ ਵਿੱਚ ਪਛੜੀਆਂ ਜਾਤੀਆਂ ਦੇ ਸਿੰਘ ਸ਼ਾਮਲ ਵੀ ਸਨ ਨੇ ਜੱਲ੍ਹਿਆਂ ਵਾਲੇ ਬਾਗ ਵਿੱਚ ਦੀਵਾਨ ਲਗਾਇਆ। 12 ਅਕਤੂਬਰ ਨੂੰ ਇਸ ਜਥੇ ਦਾ ਇਕ ਗਰੁਪ ਪ੍ਰਸਾਦ ਲੈ ਕੇ ਗੱਲ ਵਿੱਚ ਪੱਲਾ ਪਾ ਕੇ ਹੱਥ ਜੋੜ ਕੇ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਪੇਸ਼ ਹੋਏ ਅਤੇ ਪ੍ਰਸ਼ਾਦ ਲਈ ਅਰਦਾਸ ਕਰਨ ਲਈ ਕਿਹਾ ਸੀ ਪ੍ਰੰਤੂ ਪੁਜਾਰੀ ਲੋਕਾਂ ਨੇ ਅਰਦਾਸ ਨਾ ਕੀਤੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਛੱਡ ਕੇ ਭੱਜ

ਗਏ। ਜਿਸ ਪ੍ਰਕਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਗੁਰਦੁਆਰਾ ਪ੍ਰਬੰਧ ਸੁਧਾਰ ਵਾਲੇ ਸਿੰਘਾਂ ਨੇ ਸੰਭਾਲ ਲਿਆ ਸੀ। 18 ਅਕਤੂਬਰ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਸਿੱਖਾਂ ਦੀ ਇਕ ਮੀਟਿੰਗ ਸ੍ਰੀ ਅਕਾਲ ਤਖਤ ਸਾਹਿਬ ਤੇ ਬੁਲਾਈ ਅਤੇ ਭਵਿੱਖ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਅਤੇ ਹਰਿਮੰਦਰ ਸਾਹਿਬ ਦਾ ਪ੍ਰਬੰਧ ਕਰਨ ਲਈ ਇਕ ਕਮੇਟੀ ਬਣਾਉਣ ਦੀ ਤਜਵੀਜ਼ ਰਖੀ ਗਈ ਅਤੇ ਫਿਰ 9 ਮੈਂਬਰਾਂ ਦੀ ਇਕ ਆਰਜ਼ੀ ਕਮੇਟੀ ਪ੍ਰਬੰਧ ਕਰਨ ਲਈ ਬਣਾਈ ਗਈ। ਉਸ ਕਮੇਟੀ ਵਿੱਚ ਮੈਂਬਰ ਵਜੋਂ ਮਹਾਰਾਜ ਗੁਰਦਿਆਲ ਸਿੰਘ ਨੂੰ ਲਿਆ ਗਿਆ ਸੀ। ਡਾਕਟਰ ਹਰਜਿੰਦਰ ਸਿੰਘ ਦਿਲਗੀਰ ਅਨੁਸਾਰ 9 ਮੈਂਬਰਾਂ ਦੇ ਨਾਮ ਇਸ ਪ੍ਰਕਾਰ ਸਨ6-

1. ਸੁੰਦਰ ਸਿੰਘ ਰਾਮਗੜ੍ਹੀਆ (ਸਰਬਰਾਹ), 2. ਭਾਵਾ ਹਰਕਿਸ਼ਨ ਸਿੰਘ, 3. ਭਾਈ ਬਹਾਦਰ ਸਿੰਘ ਅੰਮ੍ਰਿਤਸਰ, 4. ਜਥੇਦਾਰ ਤੇਜਾ ਸਿੰਘ ਭੁੱਚਰ, 5. ਸ. ਸਰਮੁੱਖ ਸਿੰਘ ਝਬਾਲ, 6. ਜਥੇਦਾਰ ਕਰਤਾਰ ਸਿੰਘ ਝੱਬਰ, 7. ਸ. ਗੁਰਦਿਆਲ ਸਿੰਘ ਨਾਮਧਾਰੀ, 8 ਅਤੇ 9 ਦੋ ਨੁਮਾਇੰਦੇ ਨਿਹੰਗ ਸਿੰਘਾਂ ਦੇ।

18 ਅਕਤੂਬਰ 1920 ਈ. ਤੋਂ 15 ਨਵੰਬਰ 1920 ਈ. ਤੱਕ ਕਮੇਟੀ ਮੈਂਬਰਾਂ ਦੀ ਕਈ ਵਾਰ ਭੰਨ ਤੋੜ ਕੀਤੀ ਗਈ, ਇਸਦਾ ਜ਼ਿਕਰ ਕਰਨਾ ਪੇਪਰ ਵਿੱਚ ਮੇਰਾ ਵਿਸ਼ਾ ਨਹੀਂ ਹੈ, ਮੈਂ ਸਿਰਫ਼ ਨਾਮਧਾਰੀ ਪੰਥ ਦੇ ਯੋਗਦਾਨ ਬਾਰੇ ਹੀ ਗੱਲ ਕਰਨੀ ਹੈ। ਅੰਗਰੇਜ਼ੀ ਹਕੂਮਤ ਅਤੇ ਸਰਕਾਰ ਦੇ ਪਿਠੂ ਸਿੱਖ ਨਹੀਂ ਸੀ ਚਾਹੁੰਦੇ ਕਿ ਗੁਰਦੁਆਰਿਆਂ ਦਾ ਪ੍ਰਬੰਧ ਆਮ ਸਿਖਾਂ ਦੇ ਕਬਜ਼ੇ ਵਿੱਚ ਆ ਜਾਵੇ। ਸਰਕਾਰ ਦੀ ਪੂਰੀ ਕੋਸ਼ਿਸ਼ ਸੀ ਕਿ ਪ੍ਰਬੰਧਕ ਕਮੇਟੀ ਵਿੱਚ ਉਹੋ ਮੈਂਬਰ ਅਉਣ ਜੋ ਅੰਗਰੇਜ਼ ਸਰਕਾਰ ਦੇ ਵਫ਼ਾਦਾਰ ਹੋਣ। ਸਤਿਜੁਗ ਅਖਬਾਰ ਅਨੁਸਾਰ ਠੀਕ ਉਸ ਸਮੇਂ ਨਿਹੰਗ ਸਿੰਘਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਕਬਜ਼ਾ ਕਰਨ ਲਈ ਜ਼ੋਰ ਅਜ਼ਮਾਇਸ਼ ਕਰਨ ਦੀ ਵਿਉਂਤਬੰਦੀ ਕੀਤੀ। ਕਮੇਟੀ ਵਾਲੇ ਅਜੇ ਕਮਜ਼ੋਰ ਸਨ ਅਤੇ ਉਹ ਨਿਹੰਗ ਸਿੰਘਾਂ ਨੂੰ ਰੋਕ ਨਹੀਂ ਸੀ ਸਕਦੇ। ਇਸ ਲਈ ਅਕਾਲੀ ਲੀਡਰ ਸ. ਤੇਜਾ ਸਿੰਘ ਚੂਹੜਕਾਣਾ ਸਤਿਜੁਗ ਅਖਬਾਰ ਦੇ ਦਫ਼ਤਰ ਪੁਜੇ ਅਤੇ ਪ੍ਰਬੰਧਕ ਕਮੇਟੀ ਨੂੰ ਨਾਮਧਾਰੀ ਪੰਥ ਦਾ ਸਹਿਯੋਗ ਦੇਣ ਲਈ ਬੇਨਤੀ ਕੀਤੀ ਸੀ ਤਾਂ ਉਹਨਾਂ ਦੇ ਕਹਿਣ ਤੇ ਸੰਤ ਨਿਧਾਨ ਸਿੰਘ ਆਲਿਮ ਅਤੇ ਸੰਤ ਇੰਦਰ ਸਿੰਘ ਚਕਰਵਰਤੀ ਦੋਵੇਂ ਸ੍ਰੀ ਅਕਾਲ ਤਖਤ ਸਾਹਿਬ ਤੇ ਨਾਮਧਾਰੀ ਪੰਥ ਵਲੋਂ ਪੁੱਜੇ। ਉਹਨਾਂ ਨੇ ਸੰਗਤ ਦੇ ਵਿਸ਼ਾਲ ਇਕੱਠ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਤੇ ਖੜੇ ਹੋਕੇ ਆਖਿਆ ਸੀ ਕਿ ਅਸੀਂ ਨਾਮਧਾਰੀ ਪੰਥ ਪੂਰੀ ਤਰ੍ਹਾਂ ਸਮੁੱਚੇ ਪੰਥ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਾਂ। ਸਤਿਜੁਗ ਅਖਬਾਰ ਦੇ 24 ਮੱਘਰ ਸੰਮਤ 1977 ਬਿਕਰਮੀ (8 ਦਸੰਬਰ 1920 ਈ.) ਦੇ ਅੰਕ ਵਿਚੋਂ ਸਫਾ 4 ਅਤੇ ਸਫਾ 5 ਤੇ ਸੰਤ ਨਿਧਾਨ ਸਿੰਘ ਆਲਿਮ ਜੀ ਨੇ ਉਸ ਘਟਨਾ ਬਾਰੇ ਪੂਰੀ ਤਫਸੀਲ ਖਬਰ ਤਿਆਰ ਕਰਕੇ ਪ੍ਰਕਾਸ਼ਤ ਕਰਵਾਈ ਸੀ ਜੋ ਇਸ ਪ੍ਰਕਾਰ ਹੈ-

**ਮਿਲਾਪ ਦਾ ਪਾਣੀ ਅਤੇ ਬੇਇਨਸਾਫ਼ੀ ਦੀ ਮੰਗ-**
ਇਸ ਵੇਲੇ ਦੇਸ਼ ਵਿੱਚ ਸਵੈਤ੍ਰੰਤਾ ਦੀ ਪ੍ਰਾਪਤੀ ਹਿੱਤ ਜਗ੍ਹਾ-ਜਗ੍ਹਾ ਹਿੰਦੂ ਮੁਸਲਮਾਨਾਂ ਅਤੇ ਸਿਖਾਂ ਦੇ ਮਿਲਾਪ ਨੂੰ ਕੈਮ ਕਰਨ ਵਾਸਤੇ ਕਈ ਤਰ੍ਹਾਂ ਦੀਆਂ ਵਿਉਂਤਾਂ ਸੋਚੀਆਂ ਜਾ ਰਹੀਆਂ ਹਨ ਕਿਉਂਕਿ ਕਿਸੇ ਦੇਸ਼ ਨੂੰ ਅੱਜ ਤਾਈਂ ਏਕੇ ਤੋਂ ਬਿਨਾਂ ਸਵੈਰਾਜ ਵਰਗੀ ਅਮੋਲਕ ਵਸਤੂ ਪ੍ਰਾਪਤ ਨਹੀਂ ਹੋ ਸਕਦੀ ਹੈ ਤੇ ਨਾ ਹੋਈ ਹੈ ਇਸ ਲੋੜਵੰਦੇ ਮੰਤਵ ਦੀ ਉੱਚੀ ਮੰਜ਼ਲ ਉਤੇ ਪੁਚਾਣ ਵਾਲੀ ਵਰਤਮਾਨ ਰੌ ਨੂੰ ਮੁੱਖ ਰਖਦਿਆਂ ਹੋਇਆਂ ਸਾਡੇ (ਨਾਮਧਾਰੀਆਂ ਦੇ) ਹਿਰਦਿਆਂ ਵਿੱਚ ਜੋਸ਼ ਆਯਾ ਅਤੇ ਸੋਚਿਆ ਕਿ ਦੁਨੀਆਂ ਵਿੱਚ ਐਸ ਵੇਲੇ ਸਾਰਿਆਂ ਨਾਲੋਂ ਸਾਨੂੰ ਬਹੁਤੇ ਨਜ਼ਦੀਕੀ ਸਾਡੇ ਸਿੰਘ ਸਭਾ ਵਾਲੇ ਭਰਾ ਹਨ। ਇਸ ਵਾਸਤੇ ਪਹਿਲੋਂ ਇਸਦੇ ਕਿ ਅਸੀਂ ਹੋਰ ਕਿਸੇ ਨਾਲ ਮਿਲਾਪ ਕਰਨ ਦਾ ਉਦਮ ਕਰੀਏ, ਸਾਨੂੰ ਜਰੂਰੀ ਹੈ ਕਿ ਆਪਣੇ ਗਵਾਂਢੀ ਨਾਲ ਮਿਲਾਪ ਕਰਨ ਦਾ ਕੋਈ ਸਾਧਨ ਗ੍ਰਹਿਣ ਕਰੀਏ ਕਿਉਂਕਿ ਜੇ ਸਾਡਾ ਆਪਣੇ ਘਰ ਵਿੱਚ ਹੀ ਮਿਲਾਪ ਦਾ ਵਤੀਰਾ ਕੁਝ ਵਜ਼ਨ ਨਹੀਂ ਰੱਖ ਸਕਦਾ ਤਾਂ ਉਹ ਕਿਹੜੀ ਵਿਉਂਤ ਹੈ ਕਿ ਅਸੀਂ ਦੁਨੀਆਂ ਦੇ ਕਿਸੇ ਹੋਰ ਮਜ਼ਹਬ ਨਾਲ ਅਭੇਦ ਹੋ ਸਕੀਏ? ਜਦੋਂ ਵਿਚਾਰ ਏਥੇ ਤੱਕ ਪੁਜੀ ਤਾਂ ਏਨੇ ਨੂੰ ਪਤਾ ਲੱਗਾ ਕਿ ਕੁਛ ਸਿੰਘ ਸਭਾ ਵਾਲੇ ਭਰਾਵਾਂ ਇਕਤ੍ਰਤਾ ਕਰਕੇ ਅਕਾਲ ਤਖਤ ਦੇ ਪੁਜਾਰੀਆਂ ਨੂੰ ਉਨ੍ਹਾਂ ਦੇ ਤਖਤ ਸਾਹਿਬ ਦੇ ਅਯੋਗ ਅਤੇ ਬਦਨੀਯਤ ਦੇ ਪ੍ਰਬੰਧ ਨੂੰ ਮੁੱਖ ਰਖਦਿਆਂ ਹੋਇਆਂ ਕੱਢ ਕੇ ਅਕਾਲ ਤਖਤ ਦੀ ਸੇਵਾ ਸੰਭਾਲ ਲੀਤੀ ਕਿਉਂਕਿ ਇਹ ਸਮੇਂ ਦੀ ਨਵੀਂ ਅਦਲਾ ਬਦਲੀ ਸੀ। ਇਸ ਲਈ ਤਖਤ ਸਾਹਿਬ ਸੰਬੰਧੀ ਲੋਕਾਂ ਨੇ ਬੜਾ ਰੌਲਾ ਪਾਇਆ ਕਈਆਂ ਨੇ ਜਾ ਕੇ ਆਖਿਆ ਕਿ ਖਾਲਸਾ ਜੀ ਤੁਹਾਡੇ ਵਿਰੁੱਧ ਨਾਮਧਾਰੀ ਖਾਲਸਾ ਚੜ੍ਹਾਈ ਕਰਨ ਨੂੰ ਤਿਆਰ ਹੈ। ਭਾਵੇਂ ਇਹ ਗਲ ਸੋਲਾਂ ਆਨੇ ਝੂਠੀ ਸੀ ਪ੍ਰੰਤੂ ਫੇਰ ਵੀ ਨਵੇਂ ਪ੍ਰਬੰਧਕਾਂ ਦੇ ਹਿਰਦਿਆਂ ਵਿੱਚ ਭੈ ਪੌਣ ਤੋਂ ਖਾਲੀ ਨਹੀਂ ਰਹਿ ਸਕਦੀ ਸੀ। ਇਸ ਲਈ ਇਕ ਦਿਨ ਭਾਈ ਤੇਜਾ

ਸਿੰਘ ਚੂਹੜਕਾਣੇ ਵਾਲੇ ਸਾਡੇ ਪਾਸ (ਲਾਹੌਰ) ਪੁੱਜੇ ਅਤੇ ਸਾਡੇ ਨਾਲ ਬੜੇ ਹੀ ਪ੍ਰੇਮ ਨਾਲ ਬਚਨ ਬਿਲਾਸ ਕਰਦਿਆਂ ਹੋਇਆ ਦੱਸਿਆ ਕਿ–

ਗੁਰਦੁਆਰਿਆਂ ਦੇ ਪ੍ਰਬੰਧ ਸੰਬੰਧੀ ਹਾਲੀ ਇਕ ਨਵੀਂ ਸਿਖਾਂ ਦੀ ਆਰਜ਼ੀ ਕਮੇਟੀ ਨੀਯਤ ਕੀਤੀ ਗਈ ਹੈ ਜੀਧੇ (ਸ੍ਰੀ ਗੁਰਦਿਆਲ ਸਿੰਘ ਜੀ) ਵੀ ਮੈਂਬਰ ਹਨ। ਲੋਕੀਂ ਜਾ-ਜਾ ਕੇ ਸਾਨੂੰ ਕਈ ਪ੍ਰਕਾਰ ਦੀਆਂ ਝੂਠੀਆਂ ਸੱਚੀਆਂ ਗੱਲਾਂ ਆਖਦੇ ਹਨ ਇਸ ਵਾਸਤੇ ਚੰਗੀ ਹੋਵੇ ਜੇ ਤੁਸੀਂ ਭਲਕੇ ਅੱਜ ਸ੍ਰੀ ਅੰਮ੍ਰਿਤਸਰ ਜੀ ਜਾ ਕੇ ਇਕ ਐਲਾਨ ਕਰ ਆਵੋ ਕਿ ਅਸੀਂ ਤੁਹਾਡੇ ਨਾਲ ਹਾਂ। ਇਸ ਵਿਉਂਤ ਨਾਲ ਲੋਕਾਂ ਦੀ ਸਾਡੇ ਅਤੇ ਤੁਸਾਡੇ ਵਿੱਚ ਬੇਇਤਫਾਕੀ ਦੀ ਗਲਤ ਫਹਿਮੀ ਦੂਰ ਹੋ ਜਾਵੇਗੀ। ਇਸ ਵਹਿਮ ਦੇ ਦੂਰ ਕਰਨ ਦਾ ਇਕ ਹੋਰ ਸਾਧਨ ਹੋ ਸਕਦਾ ਹੈ ਅਤੇ ਉਹ ਇਹ ਹੈ ਕਿ ਪਿੰਡਾਂ ਵਿੱਚ ਜਾ ਕੇ ਸਾਡੇ ਅਤੇ ਤੁਹਾਡੇ ਪ੍ਰਚਾਰਕ ਇਕੱਠੇ ਹੋ ਕੇ ਪ੍ਰਚਾਰ ਕਰੀਏ।

ਭਾਈ ਹੋਰਾਂ ਦੀ ਇਸ ਪ੍ਰੇਮ ਭਰੀ ਮਿਲਾਪ ਦੀ ਵਿਓਂਤ ਨੂੰ ਸੁਣ ਕੇ ਅਸਾਂ ਉਤਰ ਦਿੱਤਾ ਕਿ ਭਾਈ ਜੀ ਸਾਡਾ ਤਾਂ ਮੁੱਢ ਤੋਂ ਹੀ ਇਹ ਖਿਆਲ ਹੈ ਕਿ ਸਾਡਾ ਤੁਹਾਡਾ ਮਿਲਾਪ ਹੋਣਾ ਜਰੂਰੀ ਹੈ ਅਤੇ ਅਸੀਂ ਅੱਜ ਤੱਕ ਮਿਲਾਪ ਦਾ ਯਤਨ ਕਰਦੇ ਚਲੇ ਆਏ ਹਾਂ ਅਤੇ ਹੁਣ ਕਰਨ ਨੂੰ ਤਿਆਰ ਹਾਂ। ਤੁਹਾਡੇ ਬਚਨ ਨੂੰ ਸਿਰ ਮੱਥੇ ਉਤੇ ਰਖਦੇ ਹੋਏ ਆਸ਼ਾ ਹੈ ਕਿ ਜਰੂਰ ਅਕਾਲ ਤਖਤ ਆ ਕੇ ਜਾਂ ਆਪਣੇ ਕਿਸੇ ਹੋਰ ਪ੍ਰਚਾਰਕ ਨੂੰ ਘੱਲ ਕੇ ਲੋਕਾਂ ਦੇ ਸ਼ੱਕ ਨੂੰ ਦੂਰ ਕਰ ਦਿਆਂਗੇ। ਇਸ ਵਾਸਤੇ ਮੈਂ (ਨਿਧਾਨ ਸਿੰਘ) ਭਾਈ ਇੰਦਰ ਸਿੰਘ ਚੱਕਰਵਰਤੀ ਇਕ ਯਾ ਦੋ ਦਿਨ ਪਿਛੋਂ ਅਕਾਲ ਤਖਤ ਤੇ ਗਏ ਅਤੇ ਭਾਈ ਕਰਤਾਰ ਸਿੰਘ ਜੀ ਝੱਬਰ ਨਾਲ ਮਿਲਕੇ ਗੱਲਬਾਤ ਸ਼ੁਰੂ ਹੋਈ। ਭਾਈ ਕਰਤਾਰ ਸਿੰਘ ਜੀ ਨੇ ਸਾਨੂੰ ਪੁੱਛਿਆ ਕਿ ਭਾਈ ਜੀ ਅਸਾਂ ਜੋ ਕੁਛ ਕੀਤਾ ਹੈ ਇਸ ਤੁਹਾਡੀ ਯਾ ਲਾਹੌਰ ਵਾਲੀ ਸੰਗਤ ਦੀ ਕੋਈ ਵਿਰੋਧਤਾ ਤਾਂ ਨਹੀਂ? ਅਗੋਂ ਅਸੀਂ ਉਤਰ ਵਿੱਚ ਆਖਿਆ ਕਿ ਬਿਲਕੁਲ ਨਹੀਂ ਪ੍ਰੰਤੂ ਓਹ ਹੱਦ ਤੱਕ ਕਿ ਜਦੋਂ ਵਿੱਚ ਤੁਹਾਡੇ ਵੱਲੋਂ ਕੋਈ ਅਜੇਹੀ ਉਤਪਾਦ ਉਤਪਨ ਨਾ ਹੋਵੇ ਕਿ ਜਿਹੜੀ ਮਿਲਾਪ ਦੇ ਪਾਣੀ ਦੀ ਰਫ਼ਤਾਰ ਨੂੰ ਘੱਟ ਕਰਦੀ-ਕਰਦੀ ਬੇਇਤਫਾਕੀ ਦਾ ਨੱਕਾ ਹੀ ਰੋੜ੍ਹ ਦੇਵੇ। ਭਾਈ ਕਰਤਾਰ ਸਿੰਘ ਜੀ ਨੇ ਆਖਿਆ ਨਹੀਂ ਜੀ ਵਾਹਿਗੁਰੂ ਵਾਹਿਗੁਰੂ ਇਹ ਕਦੀ ਹੋ ਸਕਦਾ ਹੈ? ਪ੍ਰੰਤੂ ਮੇਰੀ ਬੇਨਤੀ ਇਹ ਹੈ ਕਿ ਹੁਣ ਤੁਸੀਂ ਸੰਗਤ ਇਕੱਠੀ ਹੋ ਜਾਂਦੀ ਹੈ ਅਤੇ ਤੁਸੀਂ ਜ਼ਰਾ ਲੋਕਾਂ ਦੇ ਸ਼ੱਕ ਦੂਰ ਕਰਨ ਹਿੱਤ ਥੋੜਾ ਜਿਹਾ ਲੈਕਚਰ ਕਰ ਦੇਵੋ ਕਿ ਤੁਸੀਂ ਇਸ ਕਾਰਵਾਈ ਦੇ ਉਲਟ ਨਹੀਂ ਹੋ। ਭਾਈ ਜੀ ਦਾ ਇਹ ਬਚਨ ਪ੍ਰਵਾਨ ਕਰਦਿਆਂ ਹੋਇਆ ਅਸਾਂ ਲੈਕਚਰ ਦਿੱਤੇ ਜਿਨ੍ਹਾਂ ਵਿੱਚ ਭਲੀ ਪ੍ਰਕਾਰ ਲੋਕਾਂ ਨੂੰ ਦੱਸਿਆ ਕਿ ਭਾਈ ਅਸੀਂ ਅਤੇ ਸਿੰਘ ਸਭੀਏ ਇਕ ਹੀ ਪਿਤਾ ਦੇ ਪੁੱਤਰ ਹਾਂ। ਇਨ੍ਹਾਂ ਲੈਕਚਰਾਂ ਨੇ ਲੋਕਾਂ ਦੇ ਦਿਲਾਂ ਉਤੇ ਡਾਢਾ ਅਸਰ ਕੀਤਾ ਅਤੇ ਉਹ ਸ਼ਰਾਰਤੀ ਜਿਹੜੇ ਆਖਦੇ ਸਨ ਕਿ ਸਿੰਘ ਸਭੀਆਂ ਦੇ ਖਵਰ ਨਾਮਧਾਰੀ ਲੈਣਗੇ ਸ਼ਰਮਿੰਦੇ ਹੋਏ ਅਤੇ ਇਹ ਗੱਲਾਂ ਕਰਨੋਂ ਹੱਟ ਗਏ।

ਨਾਮਧਾਰੀ ਪੰਥ ਨਾਲ ਇਸ ਪ੍ਰਕਾਰ ਜੋ ਅਕਾਲੀਆਂ ਨੇ ਸਮਝੌਤਾ ਕੀਤਾ ਸੀ ਨਾਮਧਾਰੀ ਪੰਥ ਉਸ ਤੇ ਪੂਰਾ ਉਤਰਿਆ। ਅਕਾਲੀਆਂ ਨੇ ਆਪਣਾ ਮਤਲਬ ਕੱਢਿਆ ਅਤੇ ਆਪਣਾ ਰਸਤਾ ਸਾਫ਼ ਕਰ ਲਿਆ ਜਿਸ ਕਾਰਨ ਨਿਹੰਗ ਸਿੰਘ ਕਮਜ਼ੋਰ ਪੈ ਗਏ। ਭਾਵੇਂ ਕਾਨੂੰਨੀ ਤੌਰ ਤੇ 15 ਨਵੰਬਰ 1920 ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ ਸੀ ਪ੍ਰੰਤੂ ਕਮੇਟੀ ਦੇ ਮੈਂਬਰਾਂ ਵਿੱਚ ਭੰਨ ਤੋੜ ਕਾਫ਼ੀ ਸਮਾਂ ਪਹਿਲਾਂ ਹੁੰਦੀ ਰਹੀ ਸੀ, ਜਿੰਨੇ ਮੂੰਹ ਓਨੀਆਂ ਗੱਲਾਂ ਹੋ ਰਹੀਆਂ ਸਨ ਪ੍ਰੰਤੂ ਇਤਿਹਾਸਕ ਸੱਚ ਸਾਹਮਣੇ ਸੀ ਕਿ ਕਮੇਟੀ ਵਿੱਚ ਜ਼ਿਲ੍ਹਾ ਲੁਧਿਆਣਾ ਤੋਂ ਮਹਾਰਾਜ ਗੁਰਦਿਆਲ ਸਿੰਘ ਜੀ, ਜ਼ਿਲ੍ਹਾ ਅੰਮ੍ਰਿਤਸਰ ਤੋਂ ਰਾਗੀ ਹਰਨਾਮ ਸਿੰਘ ਚਵਿੰਡਾ, ਜ਼ਿਲ੍ਹਾ ਲਾਹੌਰ ਤੋਂ ਧਿਆਨ ਸਿੰਘ ਪੱਥਰਾਂ ਵਾਲੇ ਅਤੇ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਨਾਮਧਾਰੀ ਪੰਥ ਵਲੋਂ ਪਹਿਲੀਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਮੈਂਬਰ ਸਲੈਕਟ ਕੀਤੇ ਗਏ ਸਨ ਪ੍ਰੰਤੂ ਨਾਮਧਾਰੀ ਪੰਥ ਹੋਰ ਮੈਂਬਰ ਪੰਥ ਦੇ ਸਲੈਕਟ ਕਰਵਾਉਣੇ ਚਾਹੁੰਦਾ ਸੀ ਜਿਸ ਦਾ ਜ਼ਿਕਰ ਸਤਿਜੁਗ ਅਖ਼ਬਾਰ ਦੇ 8 ਦਸੰਬਰ 1920 ਈ. ਦੇ ਅੰਕ ਵਿੱਚ ਆਉਂਦਾ ਹੈ।

ਅਕਾਲੀਆਂ ਨੇ ਨਾਮਧਾਰੀ ਪੰਥ ਦੇ ਹੋਰ ਮੈਂਬਰ ਸਲੈਕਟ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਜੇਕਰ ਨਾਮਧਾਰੀ ਪੰਥ ਕਮੇਟੀ ਵਿੱਚ ਹੋਰ ਮੈਂਬਰਾਂ ਦੀ ਗਿਣਤੀ ਲਿਆਉਣੀ ਚਾਹੁੰਦਾ ਹੈ ਤਾਂ ਇਲੈਕਸ਼ਨ ਲੜ ਲਵੇ ਜਿਸ ਦਾ ਜ਼ਿਕਰ ਸਰਕਾਰੀ ਫਾਈਲਾਂ ਵਿੱਚ ਆਉਂਦਾ ਹੈ।[7]

ਰੋਜ਼ਾਨਾ ਅਕਾਲੀ ਅਖਬਾਰ, ਲਾਹੌਰ ਨੇ 27 ਅਕਤੂਬਰ 1920 ਦੇ ਅੰਕ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਲਿਸਟ ਪ੍ਰਕਾਸ਼ਤ ਕੀਤੀ ਸੀ ਜੋ ਇਸ ਪ੍ਰਕਾਰ ਹੈ–

1. ਸ. ਖੜਕ ਸਿੰਘ ਜੀ ਬੀ.ਏ. ਰਈਸ ਸਿਆਲਕੋਟ।
2. ਸ. ਹਰਚੰਦ ਸਿੰਘ ਜੀ ਰਈਸ ਲਾਇਲਪੁਰ।
3. ਬਾਬਾ ਗੁਰਦਿਆਲ ਸਿੰਘ ਜੀ ਭੈਣੀ ਸਾਹਿਬ ਵਾਲੇ

4. ਮਾਸਟਰ ਤਾਰਾ ਸਿੰਘ ਜੀ ਬੀ.ਏ. ਹੈਡ ਮਾਸਟਰ ਹਾਈ ਸਕੂਲ, ਲਾਇਲਪੁਰ।
5. ਭਾਈ ਜੋਧ ਸਿੰਘ ਜੀ ਐਮ.ਏ. ਪ੍ਰਿੰਸੀਪਲ ਗੁ. ਨਾ. ਕਾਲਜ, ਗੁਜਰਾਂਵਾਲਾ
6. ਸੰਤ ਤੇਜਾ ਸਿੰਘ ਜੀ ਐ.ਏ.ਏ.ਐਮ ਪ੍ਰਿੰਸੀਪਲ ਅਕਾਲ ਕਾਲਜ, ਮਸਤੂਆਨਾ
7. ਬਾਵਾ ਹਰਿਕ੍ਰਿਸ਼ਨ ਸਿੰਘ ਜੀ ਐਨ.ਏ. ਪ੍ਰੋਫੈਸਰ ਖਾਲਸਾ ਕਾਲਜ, ਅੰਮ੍ਰਿਤਸਰ।
8. ਸ. ਨਿਰੰਜਨ ਸਿੰਘ ਜੀ ਐਮ.ਐਸ.ਸੀ. ਪ੍ਰੋਫੈਸਰ ਖਾਲਸਾ ਕਾਲਜ ਅੰਮ੍ਰਿਤਸਰ।
9. ਸ. ਲਾਲ ਸਿੰਘ ਜੀ ਬੀ.ਐਸ.ਸੀ.ਐਲ.ਐਲ.ਬੀ. ਲੁਧਿਆਣਾ।
10. ਸ. ਉਜਲ ਸਿੰਘ ਜੀ ਐਮ.ਏ. ਸੀਆਚੰਨੂ
11. ਸ. ਅਮਰ ਸਿੰਘ ਜੀ ਝਬਾਲ (ਡਿਆਲ ਭੜੰਗ) ਅੰਮ੍ਰਿਤਸਰ।
12. ਸ. ਸੁੰਦਰ ਸਿੰਘ ਜੀ ਚਾਵਲਾ ਰਈਸ ਲਾਹੌਰ।
13. ਸ. ਤੇਜਾ ਸਿੰਘ ਜੀ ਸਮੁੰਦਰੀ
14. ਸ. ਸਰਦੂਲ ਸਿੰਘ ਜੀ ਕਵੀਸ਼ਰ, ਲਾਹੌਰ
15. ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ
16. ਗਿਆਨੀ ਸ਼ੇਰ ਸਿੰਘ ਜੀ ਸਿੰਘ ਸਭਾ ਰਾਵਲਪਿੰਡੀ
17. ਭਾਈ ਕਰਤਾਰ ਸਿੰਘ ਜੀ ਝੱਬਰ
18. ਸ. ਅਮਰ ਸਿੰਘ ਜੀ ਐਡੀਟਰ ਲਾਇਲਗ਼ਜ਼ਟ
19. ਸ. ਬਸ਼ਸ਼ੀਸ਼ ਸਿੰਘ ਜੀ ਸਮੁੰਦਰੀ
20. ਭਾਈ ਤੇਜਾ ਸਿੰਘ ਜੀ ਮਾਝਾ ਦੀਵਾਨ
21. ਸ. ਚਰਨ ਸਿੰਘ ਜੀ ਐਹਲਕਾਰ, ਨਾਭਾ
22. ਸ. ਜੋਗਿੰਦਰ ਸਿੰਘ ਜੀ ਸ੍ਰੀ ਗੁਰੂ ਸਿੰਘ ਸਭਾ ਪਟਿਆਲਾ
23. ਸ਼. ਸਮਸ਼ੇਰ ਸਿੰਘ ਜੀ ਐਡੀਟਰ ਇੰਡੀਆ
24. ਸ਼. ਅਵਤਾਰ ਸਿੰਘ ਜੀ ਬੈਰਿਸਟਰ ਗੁਜਰਾਂਵਾਲਾ
25. ਬਾਬਾ ਕੁਹਰ ਸਿੰਘ ਜੀ ਪੱਟੀ
26. ਸ. ਹੀਰਾ ਸਿੰਘ ਨਾਰਲੀ
27. ਸ. ਹਰਦਿਆਲ ਸਿੰਘ ਜੀ ਬੈਹੜਵਾਲੀਆ
28. ਭਾਈ ਮੰਗਲ ਸਿੰਘ ਨਾਮਧਾਰੀ
29. ਭਾਈ ਹਰਨਾਮ ਸਿੰਘ ਜੀ ਚਵਿੰਡਾ
30. ਭਾਈ ਅਰਜਨ ਸਿੰਘ ਜੀ ਧੀਰਕਾ
31. ਸ. ਰਾਮ ਸਿੰਘ ਜੀ ਐਡੀਟਰ ਪੰਚ
32. ਮਾਸਟਰ ਚੰਦਾ ਸਿੰਘ ਜੀ ਐਡੀਟਰ ਪੰਥ ਸੇਵਕ
33. ਸ. ਦਾਨ ਸਿੰਘ ਜੀ ਵਿਛੋਆ
34. ਮਾਸਟਰ ਮੋਤਾ ਸਿੰਘ ਜੀ
35. ਸ. ਮੰਗਲ ਸਿੰਘ ਐਡੀਟਰ 'ਅਕਾਲੀ'

ਉਪਰੋਕਤ ਦੋਹਾਂ ਅਖਬਾਰਾਂ ਰੋਜ਼ਾਨਾ ਅਕਾਲੀ ਅਤੇ ਸਤਿਜੁਗ ਸਪਤਾਹਿਕ ਦੇ ਅੰਕਾਂ ਅਨੁਸਾਰ ਪਹਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ 1. ਭਾਈ ਮੰਗਲ ਸਿੰਘ ਨਾਮਧਾਰੀ (ਅਰਸ਼ੀ ਫਰਿਸ਼ਤਾ) 2. ਭਾਈ ਹਰਨਾਮ ਸਿੰਘ (ਰਾਗੀ) ਚਵਿੰਡੇ ਵਾਲੇ, 3 ਭਾਈ ਧਿਆਨ ਸਿੰਘ ਪੱਥਰਾਂ ਵਾਲੇ, 4. ਮਹਾਰਾਜ ਗੁਰਦਿਆਲ ਸਿੰਘ ਜੀ ਨਾਮਧਾਰੀ ਪੰਥ ਵਲੋਂ ਕੋਆਪਟ (ਨਾਮਜ਼ਦ) ਕੀਤੇ ਗਏ ਸਨ। ਇਹੋ 35 ਮੈਂਬਰ 15 ਨਵੰਬਰ 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਸਮੇਂ 117 ਮੈਂਬਰਾਂ ਦੀ ਗਿਣਤੀ ਵਿੱਚ ਤਬਦੀਲ ਹੋ ਗਏ ਸਨ ਅਰਥਾਤ 35 ਮੈਂਬਰਾਂ ਤੋਂ ਗਿਣਤੀ ਵਧਾ ਕੇ 117 ਮੈਂਬਰ ਕਰ ਦਿੱਤੀ ਗਈ ਸੀ।

ਨਾਮਧਾਰੀ ਪੰਥ ਨੂੰ ਭਾਵੇਂ ਪਤਾ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੇ ਨਾਮਧਾਰੀ ਪੰਥ ਨਾਲ ਇਕ ਸੁਰ ਨਹੀਂ ਹਨ ਪ੍ਰੰਤੂ ਫਿਰ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਕਾਲੀਆਂ ਨਾਲ ਹਿੱਤ ਕਰਦੇ ਸਨ। ਇਤਿਹਾਸ ਗਵਾਹ ਹੈ ਕਿ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਿੱਚ ਅਕਾਲੀਆਂ ਨਾਲ ਨਾਮਧਾਰੀ ਪੰਥ ਨੇ ਪੂਰਨ ਸਹਿਯੋਗ ਦਿੱਤਾ ਸੀ। ਨਨਕਾਣਾ ਸਾਹਿਬ ਦੇ ਮੋਰਚੇ ਵਿੱਚ 15 ਨਾਮਧਾਰੀ ਸਿੰਘ ਸ਼ਹੀਦ ਹੋਏ ਸਨ ਜੋ ਨਿਜ਼ਾਮ ਪੁਰ ਦੇਵ ਸਿੰਘ ਵਾਲਾ (ਬਾਰ ਦੇ ਇਲਾਕੇ) ਦੇ ਵਸਨੀਕ ਸਨ[8] ਫਿਰ ਗੁਰੂ ਕੇ ਬਾਗ ਦਾ ਮੋਰਚਾ, ਜੈਤੋ ਦੇ ਮੋਰਚੇ ਆਦਿਕ ਵਿੱਚ ਨਾਮਧਾਰੀਆਂ ਨੇ ਅਕਾਲੀਆਂ ਨੂੰ ਯੋਗਦਾਨ ਦਿੱਤਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਯੋਗਦਾਨ ਦੀ ਮਿਸਾਲ ਇਕ ਪ੍ਰਕਾਰ ਹੈ-

ਕਿਹਾ ਜਾਂਦਾ ਹੈ ਕਿ ਲਾਹੌਰ ਵਿੱਚ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਸਥਾਨ ਅੰਗਰੇਜ਼ ਸਰਕਾਰ ਅਕਾਲੀਆਂ ਨੂੰ ਦੇ ਨਹੀਂ ਰਹੀ ਸੀ। ਅਕਾਲੀਆਂ ਦੀ ਨਾਮਧਾਰੀਆਂ ਨਾਲ ਅੰਦਰੂਨੀ ਦੁਸ਼ਮਣੀ ਜਗ ਜ਼ਾਹਰ ਸੀ। ਪੰਜਾਬ ਦੇ ਗਵਰਨਰ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਿਹਾ ਸੀ ਕਿ ਤੁਸੀਂ ਸਾਡੇ ਹੱਕ ਵਿੱਚ ਦਸਤਖਤ ਕਰ ਦੇਵੋ ਫਿਰ ਦੇਖਿਓ, ਅਸੀਂ ਅਕਾਲੀਆਂ ਨੂੰ ਕਿਵੇਂ ਸਿੱਧੇ ਕਰ ਦਿਆਂਗੇ? ਗਵਰਨਰ ਦੇ ਬੋਲ ਸੁਣਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੈਸ਼ ਵਿਚ ਆ ਗਏ ਸਨ ਅਤੇ ਸਰਕਾਰ ਦੀ ਪੇਸ਼ਕਸ਼ ਠੁਕਰਾ ਦਿੱਤੀ ਸੀ।[9] ਉਸ ਇਤਿਹਾਸਕ ਤੱਥ ਬਾਰੇ ਸੁਖਜੀਤ ਕਹਾਣੀਕਾਰ ਇਸ ਪ੍ਰਕਾਰ ਲਿਖਦਾ ਹੈ-

"ਗੁਰੂ ਜਗਜੀਤ ਸਿੰਘ ਦੇ ਪਿਤਾ ਗੁਰੂ ਪ੍ਰਤਾਪ ਸਿੰਘ

ਅਮਦਰ ਵੀ ਸਿਖੀ ਦਾ ਇਹੋ ਦਰਦ ਸੀ, ਜਦੋਂ ਭਾਈ ਤਾਰੂ ਸਿੰਘ ਸ਼ਹੀਦ ਵਾਲੀ ਜਗ੍ਹਾ ਸਰਕਾਰ ਸਿਖਾਂ ਨੂੰ ਦੇ ਨਹੀਂ ਰਹੀ ਸੀ, ਅਕਾਲੀਆਂ ਮੋਰਚਾ ਲਾ ਦਿੱਤਾ। ਗੁਰੂ ਪ੍ਰਤਾਪ ਸਿੰਘ ਨੂੰ ਘੋੜੇ ਰਖਣ ਦਾ ਸ਼ੌਂਕ ਸੀ। ਰੇਸਾਂ ਵਿੱਚ ਭਜਾਉਂਦੇ ਵੀ, ਰੇਸ ਕੋਰਸ ਵਿੱਚ ਉਨ੍ਹਾਂ ਦਾ ਵੱਡੇ-ਵੱਡੇ ਅਫ਼ਸਰਾਂ ਨਾਲ ਮੇਲ-ਜੋਲ ਹੁੰਦਾ। ਉਸ ਵੇਲੇ ਦੇ ਗਵਰਨਰ ਨਾਲ ਚੰਗੀ ਦੋਸਤੀ ਹੋ ਗਈ ਸੀ। ਅਕਾਲੀ ਜਥਿਆਂ ਤੋਂ ਅੱਕਿਆ ਗਵਰਨਰ ਇਕ ਦਿਨ ਗੁਰੂ ਪ੍ਰਤਾਪ ਸਿੰਘ ਨੂੰ ਆਖਣ ਲੱਗਾ ਕਿ ਤੁਹਾਡੇ ਨਾਲ ਕਿਹੜਾ ਅਕਾਲੀ ਚੰਗਾ ਵਰਤਦੇ ਨੇ, ਅਸੀਂ ਸਿੱਖ ਸੰਪ੍ਰਦਾਵਾਂ ਤੋਂ ਭਾਈ ਤਾਰੂ ਸਿੰਘ ਦੀ ਥਾਂ ਵਾਸਤੇ ਸਰਕਾਰ ਦੇ ਪੱਖ ਵਿੱਚ ਲਿਖਾ ਰਹੇ ਆ। ਤੁਸੀਂ ਵੀ ਚਾਰ ਲਾਈਨਾਂ ਲਿਖ ਦਿਓ, ਫੇਰ ਵੇਖੋ ਮੈਂ ਅਕਾਲੀਆਂ ਨੂੰ ਕਿਵੇਂ ਸਬਕ ਸਿਖਾਉਣਾ। ਦੱਸਦੇ ਨੇ ਗੁਰੂ ਪ੍ਰਤਾਪ ਜੀ ਉਠਕੇ ਖੜੇ ਹੋ ਗਏ। ਤੈਸ਼ ਵਿੱਚ ਆਖਣ ਲੱਗੇ, "ਗਵਰਨਰ ਸਾਹਿਬ, ਭਾਈ ਤਾਰੂ ਸਿੰਘ ਜੀ ਸਾਡੇ ਪੁਰਖੇ ਨੇ, ਉਹਨਾਂ ਸਾਡੇ ਲਈ ਖੋਪੜੀ ਲੁਹਾਈ ਐ। ਉਹਨਾਂ ਦੀ ਜਗ੍ਹਾ ਲਈ ਨਾਮਧਾਰੀਆਂ ਦਾ ਬੱਚਾ-ਬੱਚਾ ਸਿਰ ਕਟਵਾ ਦੇਵੇਗਾ।"

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਿੰਘ ਸਭੀਏ ਅਕਾਲੀ ਭਰਾਵਾਂ ਨਾਲ ਤਹਿ ਦਿਲ ਤੋਂ ਪ੍ਰੇਮ ਦੀ ਇਕ ਹੋਰ ਉਦਾਹਰਣ ਦੇ ਕੇ ਮੈਂ ਪੇਪਰ ਦੇ ਵਿਸ਼ੇ ਨੂੰ ਅੱਗੇ ਤੋਰਾਂਗਾ। 1920 ਈ. ਦੇ ਨਵੰਬਰ ਮਹੀਨੇ ਨਨਕਾਣਾ ਸਾਹਿਬ ਗੁਰਦੁਆਰੇ ਦਾ ਮਹੰਤ ਨਰੈਣ ਦਾਸ ਆਪਣੇ ਸਾਥੀਆਂ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਆਇਆ ਸੀ ਅਤੇ ਗੁਰਦੁਆਰੇ ਦੀਆਂ ਚਾਬੀਆਂ ਦਾ ਗੁੱਛਾ ਸਤਿਗੁਰੂ ਜੀ ਅੱਗੇ ਰੱਖ ਕੇ ਮੱਥਾ ਟੇਕ ਦਿੱਤਾ ਸੀ ਅਤੇ ਕਿਹਾ ਸੀ ਕਿ ਤੁਸੀਂ ਗੁਰੂ ਹੋ, ਲੰਗਰ ਚਲਾਉਂਦੇ ਹੋ। ਅਗੋਂ ਸਤਿਗੁਰਾਂ ਨੇ ਹੱਥ ਨਾਲ ਚਾਬੀਆਂ ਦਾ ਗੁੱਛਾ ਚੁੱਕ ਕੇ ਮੁੜ ਮਹੰਤ ਨੂੰ ਪਕੜਾ ਦਿੱਤਾ ਸੀ ਅਤੇ ਕਿਹਾ ਸੀ ਕਿ ਸਾਨੂੰ ਕਰਤੇ ਵਲੋਂ ਭਜਨ ਬਾਣੀ ਕਰਨ ਤੇ ਕਰਵਾਉਣ ਦਾ ਹੁਕਮ ਹੈ।[10] ਮਹੰਤ ਨਿਰਾਸ਼ ਹੋ ਵਾਪਸ ਚਲਾ ਗਿਆ ਸੀ ਉਸ ਆਖਿਆ ਸੀ ਕਿ ਤੁਸੀਂ ਚਾਬੀਆਂ ਲੈ ਲਵੋ ਪ੍ਰੰਤੂ ਮੈਂ ਅਕਾਲੀਆਂ ਨੂੰ ਚਾਬੀਆਂ ਨਹੀਂ ਦੇਵਾਂਗਾ। ਉਹਨਾਂ ਇਤਿਹਾਸਕ ਘਟਨਾਵਾਂ ਜੋ ਉਪਰ ਅੰਕਿਤ ਹਨ ਤੋਂ ਪਤਾ ਲੱਗਦਾ ਹੈ ਕਿ ਸਤਿਗੁਰੂ ਜੀ ਕਿੰਨਾ ਕੁ ਅਕਾਲੀ ਸਿੰਘਾਂ ਨਾਲ ਪ੍ਰੇਮ ਕਰਦੇ ਸਨ।

ਹੋਰ ਮੈਂਬਰ ਇਸ ਪ੍ਰਕਾਰ ਸਮੇਂ ਸਮੇਂ ਕਮੇਟੀ ਵਿੱਚ ਗਏ-

1936 ਈ. ਵਿੱਚ ਸ. ਆਤਮਾ ਸਿੰਘ ਰਾਵਲਪਿੰਡੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣੇ, ਉਹਨਾਂ ਨੇ ਚੋਣ ਜਿਤੀ ਸੀ। ਉਹ ਉਸ ਸਮੇਂ ਨਾਮਧਾਰੀ ਦਰਬਾਰ ਦੇ ਪ੍ਰਧਾਨ ਵੀ ਸਨ।[11]

1939 ਈ. ਵਿੱਚ ਗੁਰਬਖਸ਼ ਸਿੰਘ ਜੀਆ ਬੱਗਾ, ਡਾਕਖਾਨਾ ਕਾਹਨਾ ਨਾਊ ਜ਼ਿਲ੍ਹਾ ਲਾਹੌਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣੇ ਸਨ।[12]

1948 ਈ. ਵਿੱਚ ਸੰਤ ਇੰਦਰ ਸਿੰਘ ਚੱਕਰਵਰਤੀ ਲੱਲਕਲਾਂ (ਪਟਿਆਲਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ।[13]

ਉਹ ਕੋਅਪ੍ਰੇਟਿਵ ਮੈਂਬਰ ਸਨ। ਜਦੋਂ 1971 ਈ. ਵਿਚ ਉਹਨਾਂ ਦੀ ਮੌਤ ਹੋਈ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜ਼ਲਾਸ ਵਿੱਚ ਉਹਨਾਂ ਪ੍ਰਤੀ ਸ਼ੋਕ ਮਤਾ ਮੈਂਬਰਾਂ ਵਲੋਂ ਪਾਸ ਕੀਤਾ ਗਿਆ ਸੀ[14] ਅਤੇ ਉਹਨਾਂ ਦੀ ਰੂਹ ਲਈ ਆਤਮਿਕ ਸ਼ਾਂਤੀ ਅਤੇ ਪਿਛੋਂ ਪਰਿਵਾਰ ਨੂੰ ਅਕਾਲ ਪੁਰਖ ਦਾ ਭਾਣਾ ਮੰਨਣ ਲਈ ਅਰਦਾਸ ਕੀਤੀ ਗਈ ਸੀ।

ਸ. ਜਸਵਿੰਦਰ ਸਿੰਘ ਹਿਸਟੋਰੀਅਨ (ਦਿੱਲੀ ਵਾਲੇ) 1976 ਤੋਂ 2003 ਤੱਕ ਲਖਨਊ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਅਪ੍ਰੇਟਿਵ ਮੈਂਬਰ ਰਹੇ ਹਨ।

### ਸ੍ਰੀ ਹਰਿਮੰਦਰ ਸਾਹਿਬ ਦੀ ਕਾਰ ਸੇਵਾ ਵਿੱਚ ਯੋਗਦਾਨ ਪਉਣਾ-

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਰੋਵਰਾਂ ਦੀ ਕਾਰ ਸੇਵਾ ਸਿਖਾਂ ਵਲੋਂ 1973 ਈ. ਵਿੱਚ ਹੋਈ ਸੀ, ਇਸ ਤੋਂ ਪਹਿਲਾਂ ਕਾਰ ਸੇਵਾ 1923 ਈ. ਵਿੱਚ ਹੋਈ ਸੀ। ਉਸ ਤੋਂ 50 ਸਾਲ ਬਾਅਦ 1973 ਈ. ਵਿੱਚ ਹੋਈ ਜਿਸ ਵਿੱਚ ਸਿਖ ਪੰਥ ਦੀ ਹਰ ਸੰਪਰਦਾ ਅਤੇ ਗੁਰੂ ਪਿਆਰੇ ਮਾਈ-ਭਾਈ ਨੇ ਕਾਰ ਸੇਵਾ ਵਿੱਚ ਹਿੱਸਾ ਲਿਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਵੀ ਨਾਮਧਾਰੀ ਸੰਗਤ ਨਾਲ ਸ੍ਰੀ ਅੰਮ੍ਰਿਤਸਰ ਪਹੁੰਚੇ ਸਨ ਅਤੇ ਕਾਰ ਸੇਵਾ ਕੀਤੀ ਸੀ। ਉਸ ਘਟਨਾ ਬਾਰੇ ਵਿਸਥਾਰ ਸਹਿਤ ਪ੍ਰੋ. ਕਿਰਪਾਲ ਸਿੰਘ ਕਸੇਲ ਇਸ ਪ੍ਰਕਾਰ ਲਿਖਦੇ ਹਨ-[15]

### ਸ੍ਰੀ ਹਰਿਮੰਦਰ ਸਾਹਿਬ ਦੀ ਕਾਰ ਸੇਵਾ

ਸ੍ਰੀ ਹਰਿਮੰਦਰ ਸਾਹਿਬ ਦੇ ਰਾਮਦਾਸ ਸਰੋਵਰ ਦੀ ਕਾਰ ਸੇਵਾ, ਅੱਜ (1973) ਤੋਂ ਅੱਧੀ ਸਦੀ ਪਹਿਲਾਂ 1923 ਵਿੱਚ ਕਾਰਵਾਈ ਗਈ ਸੀ। ਹੁਣ ਸੰਤ ਬਾਬਾ ਜਿਉਣ ਸਿੰਘ ਦੀ ਨਿਗਰਾਨੀ ਵਿੱਚ ਕਾਰ ਸੇਵਾ ਦਾ ਆਰੰਭ 18 ਅਪ੍ਰੈਲ ਨੂੰ ਹੋਣਾ ਸੀ, ਪਰ ਇਹ ਫੈਸਲਾ ਕੀਤਾ ਗਿਆ ਕਿ ਕਾਰਸੇਵਾ ਤੋਂ

ਪਹਿਲਾਂ ਤਿੰਨਾਂ ਬਾਹੀਆਂ ਦੇ ਪੌੜਾਂ ਦੀ ਮੁਰੰਮਤ ਕਰਵਾ ਲਈ ਜਾਵੇ। ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਸਕੱਤਰ ਦੀ ਸੂਚਨਾ ਦੇਣ ਉਤੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਮਧਾਰੀ ਸੰਗਤਾਂ ਨਾਲ, 13 ਮਈ ਨੂੰ ਅੰਮ੍ਰਿਤਸਰ ਪੁੱਜੇ। ਸ਼੍ਰੋ. ਗੁ. ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿੱਚ ਪਹੁੰਚੇ ਤਾਂ ਸ. ਗੁਰਦਿਆਲ ਸਿੰਘ ਢਿੱਲੋਂ ਸਪੀਕਰ ਲੋਕ ਸਭਾ, ਸ. ਗੁਰਚਰਨ ਸਿੰਘ ਟੋਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਮੋਹਣ ਸਿੰਘ ਤੁੜ-ਸ਼੍ਰੋਮਣੀ ਅਕਾਲੀ ਦਲ, ਸੰਤ ਕੁੰਦਨ ਸਿੰਘ ਜਗਰਾਉਂ ਅਤੇ ਕਰਤਾਰ ਸਿੰਘ ਟੱਕਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਵਲੋਂ, ਸਤਿਗੁਰੂ ਜੀ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਪਿਛੋਂ ਨਿਸ਼ਚਿਤ ਸਮੇਂ ਅਨੁਸਾਰ ਸਤਿਗੁਰੂ ਜੀ ਸੰਗਤਾਂ ਸਮੇਤ 'ਸੰਤਾਂ ਕੇ ਕਾਰਜ ਆਪ ਖਲੋਇਆ' ਅਤੇ 'ਜਿਥੇ ਜਾਇ ਬਹੇ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ' ਦੇ ਸ਼ਬਦ ਪੜ੍ਹਦੇ ਹੋਏ, ਪਰਿਕ੍ਰਮਾ ਕਰਦੇ ਹੋਏ ਦਰਸ਼ਨੀ ਡਿਊਢੀ ਰਾਹੀਂ, ਸ੍ਰੀ ਹਰਿਮੰਦਰ ਸਾਹਿਬ ਜਾ ਕੇ ਸੀਸ ਨਿਵਾਇਆ ਅਤੇ ਕੁਝ ਚਿਰ ਰਾਗੀਆਂ ਵਾਲੀ ਬਾਹੀ ਵਿੱਚ ਬੈਠ ਕੇ ਕੀਰਤਨ ਸਰਵਣ ਕੀਤਾ। ਠੀਕ 10 ਵਜੇ ਸਤਿਗੁਰੂ ਜੀ ਨੇ ਕਹੀ ਨਾਲ ਟੱਪ ਲਾ ਕੇ, ਤਸਲੇ ਵਿੱਚ ਕਾਰ ਭਰ ਕੇ ਆਪਣੇ ਸੀਸ ਉੱਤੇ ਉਠਾ ਲਈ। ਸੇਵਾ ਕਰਨ ਦੀ ਭਾਵਨਾ ਲੈ ਕੇ ਆਈ ਸਾਧ ਸੰਗਤ ਨੇ ਵੀ ਸੇਵਾ ਦਾ ਕਾਰਜ ਆਰੰਭ ਕਰ ਦਿੱਤਾ। ਸਤਿਗੁਰੂ ਜੀ ਸ਼ਾਮ ਪੰਜ ਵਜੇ ਤੱਕ ਇਸ ਸੇਵਾ ਦੇ ਕੰਮ ਵਿੱਚ ਜੁਟੇ ਰਹਿਣ ਦਾ ਆਦੇਸ਼ ਦੇ ਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਦਫ਼ਤਰ ਵਿੱਚ ਪੁੱਜੇ ਅਤੇ ਸਾਰੇ ਪੰਥ ਨੂੰ ਇਕ ਮੁੱਠ ਰਹਿ ਕੇ, ਮਿਲ ਕੇ ਚੱਲਣ ਦਾ ਸੰਦੇਸ਼ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਵਿਸ਼ੇਸ਼ ਤੌਰ ਤੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਸਾਰੇ ਗੁਰਦੁਆਰਿਆਂ ਵਿੱਚ, ਕੀਰਤਨ ਦੇ ਨਾਲ-ਨਾਲ ਨਾਮ ਸਿਮਰਨ ਦੀ ਪ੍ਰੰਪਰਾ ਵੀ ਸ਼ੁਰੂ ਕਰਨੀ ਚਾਹੀਦੀ ਹੈ। ਸਤਿਗੁਰੂ ਜੀ ਨੇ ਜਲੰਧਰ ਵਿਖੇ 3 ਜੁਲਾਈ ਤੋਂ 9 ਜੁਲਾਈ ਤੱਕ ਕੀਤੇ ਜਾ ਰਹੇ, ਨਾਮਧਾਰੀ ਵਿਦਿਅਕ ਸੰਮੇਲਨ ਵਿੱਚ ਦਰਸ਼ਨ ਦੇਣ ਲਈ ਵੀ ਸੱਦਾ ਦਿੱਤਾ।

ਇਹ ਕੁਝ ਕੁ ਇਤਿਹਾਸਕ ਘਟਨਾਵਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਨਾਮਧਾਰੀ ਮੈਂਬਰਾਂ ਦੀ ਸਮੇਂ ਸਮੇਂ ਸ਼ਮੂਲੀਅਤ ਦਾ ਜ਼ਿਕਰ ਮੈਂ ਇਸ ਪੇਪਰ ਵਿੱਚ ਕੀਤਾ ਹੈ। ਆਸ ਕਰਦਾ ਹਾਂ ਕਿ ਵਿਦਵਾਨ ਸਰੋਤੇ ਅਤੇ ਪਾਠਕ ਮੇਰੇ ਪੇਪਰ ਨੂੰ ਪਸੰਦ ਕਰਨਗੇ।

## ਹਵਾਲੇ ਅਤੇ ਟਿਪਣੀਆਂ


1. ਗੁਰਭੇਜ ਸਿੰਘ ਗੁਰਾਇਆ (ਸੰਪਾਦਕ): ਕੂਕਾ ਲਹਿਰ ਤੇ ਇਤਿਹਾਸ, ਪੰਨਾ 126 ਉਤੇ, ਜਸਵਿੰਦਰ ਸਿੰਘ ਹਿਸਟੋਰੀਅਨ ਦਾ ਪੇਪਰ: ਕੂਕਾ ਲਹਿਰ ਦੇ ਰਾਜਨੀਤਕ ਚੇਤਨਾ ਅਤੇ ਬਦੇਸ਼ਾਂ ਨਾਲ ਸੰਬੰਧ

2. ਸੰਤ ਨਿਧਾਨ ਸਿੰਘ ਆਲਿਮ: ਜੁਗ ਪਲਟਾਉ ਸਤਿਗੁਰੂ, ਪੰਨਾ 46

3. ਗੁਰਭੇਜ ਸਿੰਘ ਗੁਰਾਇਆ (ਸੰਪਾਦਕ): ਓਹੀ, ਪੰਨਾ 126

4. ਸੰਤ ਨਿਧਾਨ ਸਿੰਘ ਆਲਿਮ: ਓਹੀ, ਪੰਨਾ 46 ਅਤੇ ਪੰਨਾ 89

5. ਡਾਕਟਰ ਹਰਜਿੰਦਰ ਸਿੰਘ ਦਿਲਗੀਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ? ਪੰਨਾ 11

6. ਡਾਕਟਰ ਹਰਜਿੰਦਰ ਸਿੰਘ ਦਿਲਗੀਰ: ਸਿਖ ਤਵਾਰੀਖ ਵਿੱਚ ਅਕਾਲ ਤਖਤ ਸਾਹਿਬ ਦਾ ਰੋਲ, ਪੰਨਾ 160

7. ਡਾਕਟਰ ਗੰਡਾ ਸਿੰਘ ਸਮ ਕੌਨਫੀਡੈਨਸ਼ੀਅਲ ਪੇਪਰ ਆਫ ਦੀ ਅਕਾਲ ਮੂਵਮੈਂਟ, ਪੰਨਾ 302 ਡੌਕੂਮੈਂਟ 187

8. The Namdharis they are amritdharis and already enjoy the franchise. Their insistence on separate representation is not well founded. Nirmalas, Nihangs, Sevapanthis and Nirankaris who are also amritdharis have gladly thrown in their lot with the past. they do get elected, and if election does not give them satisfactory results, the deficiency is made up through co- options. There is no reason why the Namdharis should not fare equally well if they avial themselves of the opportunities thus provided. So far they have generally refrained from participating in the elections. In two cases in the elections of 1921 and 1923 Namdharis who stood for a seat of one of their districts were elected alright. The s.g.p.c. However has been co opting some Namdharis so as to keep the number of their representations at 3 and these co opted members have been leaders of namdharis.


ਬਾਕੀ ਸਫ਼ਾ ਨੰ 22 'ਤੇ

# ਮਾਧੋ ਸਾਧੂ ਜਨ ਦੇਹੁ ਮਿਲਾਇ



**ਗੁਰੂਬਚਨ ਸਿੰਘ ਨਾਮਧਾਰੀ**
**93160-51015**

ਸਪੇਸ ਵਿਗਿਆਨ ਅਨੁਸਾਰ, ਤਕਰੀਬਨ 15 ਕਰੋੜ ਕਿਲੋ ਮੀਟਰ ਦੂਰ ਸੂਰਜ ਤਪ ਰਿਹਾ ਹੈ। ਧਰਤੀ ਦੇ ਪ੍ਰਾਣੀ ਮਾਤਰ, ਬਨਸਪਤੀ ਸਭ ਨੂੰ ਰੌਸ਼ਨੀ, ਤਪਸ਼, ਜੀਵਨ ਯੋਗ ਊਰਜਾ ਦੇ ਰਿਹਾ ਹੈ, ਜੀਵਨ ਸੰਚਾਰ ਕਰ ਰਿਹਾ ਹੈ, ਅਸੰਖ ਕਿਰਨਾਂ, ਸੂਰਜ ਤੱਤ ਨੂੰ ਧਰਤੀ ਤੱਕ ਪਹੁੰਚਾ ਰਹੀਆਂ ਹਨ।

ਆਪੇ ਸੂਰੁ ਕਿਰਣਿ ਬਿਸਥਾਰੁ ॥
ਸੋਈ ਗੁਪਤੁ ਸੋਈ ਆਕਾਰੁ॥ (ਪੰ-387)

ਸੂਰਜ ਧਰਤੀ ਤੇ ਨਹੀਂ ਆ ਸਕਦਾ। ਧਰਤੀ ਸ਼ਾਇਦ ਸੂਰਜ ਦਾ ਤਪ- ਤੇਜ ਨਾ ਝੱਲ ਸਕੇ .... ਕਿਰਨਾਂ ਪਹੁੰਚ ਰਹੀਆਂ ਹਨ... ਪ੍ਰਕਾਸ਼ ਅਤੇ ਨਿੱਘ ਜੀਵਨ ਦੇ ਸਾਰੇ ਉਪਯੋਗੀ ਤੱਤ ਧਰਤੀ ਤੇ ਪਹੁੰਚ ਰਹੇ ਹਨ। ਇਹ ਕਿਰਨਾਂ, ਸਾਧੂ ਵਾਂਗ ਹਨ। ਅਲੱਖ, ਅਭੇਉ ਨਿਰੰਕਾਰ, ਆਪ ਅਲਿਪਤ ਰਹਿੰਦੇ। ਇਹ ਸਾਧ ਸੰਤ..... ਸਤਿਗੁਰੂ, ਸੂਰਜ ਦੀਆਂ ਕਿਰਨਾਂ ਵਾਂਗ.... ਪ੍ਰਮੇਸ਼ਰ ਦੇ ਸਾਰੇ ਗੁਣ ਤੱਤ ਸਹਿਤ ਜੀਆਂ ਦੀ ਸੰਭਾਲ ਕਰਦੇ ਹਨ। ਉਹੀ ਸੂਰਜ, ਕਿਰਨ ਬਣ ਕੇ, ਉਹੀ ਗੋਬਿੰਦ, ਗੁਰੂ ਬਣ ਕੇ, ਸਾਧ ਬਣ ਕੇ,....ਸੰਤ ਬਣ ਕੇ ਜ਼ਿੰਮੇਵਾਰੀ ਸੰਭਾਲ ਰਹੇ ਹਨ। ਇਹ ਕਾਰਜ ਬਹੁਤ ਗੁਪਤ ਚੱਲ ਰਿਹਾ ਹੈ।

ਧਰਮ ਸ਼ਾਸਤਰਾਂ ਦਾ ਮੱਤ ਹੈ,... ਗੁਰੂ ਮੱਤ ਹੈ ਕਿ ਮੱਨੁਖ ਦਾ ਸਰੀਰ, ਹਰ ਦੇਹ ਪਿੰਡ, ਆਪਣੇ ਆਪ ਵਿੱਚ ਪੂਰਨ ਹੈ। ਆਤਮ ਜੋਤ ਸਿਰਜਨਹਾਰ ਆਪ ਬਿੰਬ ਰੂਪ, ਇਸ ਦੇਹ ਵਿੱਚ ਮੌਜੂਦ ਹੈ। ਲੱਭਣ ਦਾ ਆਲਸ ਹੈ। ਸ੍ਰੀ ਗੁਰੂ ਰਾਮ ਦਾਸ ਪਾਤਸ਼ਾਹ, ਇਸ ਰਹੱਸ ਨੂੰ ਖੋਲਦੇ ਹਨ:

ਇਹੁ ਸਰੀਰੁ ਸਭੁ ਧਰਮੁ ਹੈ,
ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥
ਗੁਹਜ ਰਤਨ ਵਿਚਿ ਲੁਕਿ ਰਹੇ,
ਕੋਈ ਗੁਰਮੁਖਿ ਸੇਵਕ ਕਢੈ ਖੋਤਿ॥ (ਪੰ. 436)
ਸਭਿ ਕਿਛੁ ਘਰ ਮਹਿ ਬਾਹਰਿ ਨਾਹੀ॥
ਬਾਹਰ ਟੋਲੈ ਸੋ ਭਰਮਿ ਭੁਲਾਹੀ॥

ਧਰਮ ਦਾ ਇਹ ਮਰਮ, ਸਾਡੀ ਸਮਝ ਤੋਂ ਪਰ੍ਹੇ ਹੈ। ਸਾਡੇ ਲਈ ਸ਼ਾਇਦ ਗੁਰਬਾਣੀ ਦੇ ਸ਼ਬਦ, ਰੋਜ਼ ਪਾਠ ਕਰਨ ਜੋਗ ਨਿਤਨੇਮ ਬਣ ਗਿਆ। ਭਾਲ ਤੋਂ ਵਾਂਝੇ ਹੋ ਗਏ। ਜਨਮਾਂ-ਜਨਮਾਂ ਤੋਂ, ਇਹ ਜੜ੍ਹਤਾ ਸਥਾਪਿਤ ਹੋ ਗਈ।

ਇਕ ਵਾਰ, ਇਕ ਮਹਾਤਮਾ ਨੇ, ਇਕ ਬਹੇਲੀਏ ਨੂੰ, ਜਾਲ ਵਿੱਚ ਫਸਾ ਕੇ, ਚਿੜ੍ਹੀਆਂ ਨੂੰ ਲੈ ਜਾਂਦਿਆਂ ਵੇਖਿਆ। ਮਹਾਤਮਾ ਦਾ ਹਿਰਦਾ, ਕਰੁਣਾ ਨਾਲ ਭਰ ਗਿਆ। ਉਨ੍ਹਾਂ ਸੰਕਲਪ ਲਿਆ, ਹੁਣ, ਹੋਰ ਚਿੜ੍ਹੀਆਂ ਨੂੰ ਇਸ ਤਰ੍ਹਾਂ ਨਹੀਂ ਮਰਨ ਦੇਣਾ। ਮਹਾਤਮਾ ਪੰਖੀਆਂ ਦੀ ਭਾਸ਼ਾ ਜਾਣ ਬੋਲ ਸਕਦੇ ਸਨ। ਉਹਨਾਂ ਬਾਗ ਦੀਆਂ ਚਿੜ੍ਹੀਆਂ ਦੀ ਸਭਾ ਬੁਲਾਈ। ਸਾਰਿਆਂ ਨੂੰ ਚੰਗੀ ਤਰ੍ਹਾਂ ਸ਼ਿਕਾਰੀ ਦੀਆਂ ਚਾਲਾਂ ਤੋਂ ਜਾਣੂ ਕਰਵਾਇਆ.... "ਸ਼ਿਕਾਰੀ ਆਏਗਾ, ਜਾਲ ਵਿਛਾਏਗਾ, ਦਾਣੇ ਪਾਏਗਾ, ਪਰ ਲੋਭ ਵਿੱਚ ਫੱਸਣਾ ਨਹੀਂ"।

ਚਿੜ੍ਹੀਆਂ ਨੇ ਸਮਝਦਾਰਾਂ ਵਾਂਗ ਸਿਰ ਹਿਲਾਇਆ। ਚੰਗੀ ਤਰ੍ਹਾਂ ਰੱਟਾ ਲਾਇਆ... ਮਹਾਤਮਾ ਜੀ ਨੂੰ ਸੰਥਾ ਵੀ ਸੁਣਾ ਦਿੱਤੀ। ਤਸੱਲੀ ਕਰਕੇ, ਮਹਾਤਮਾ ਜੀ ਅੱਗੇ ਤੁਰ ਗਏ। ਦੂਜੇ ਦਿਨ, ਉਹ ਸ਼ਿਕਾਰੀ ਫਿਰ ਆਇਆ ਜਾਲ ਅਤੇ ਦਾਣਿਆਂ ਦੇ ਨਾਲ। ਚਿੜ੍ਹੀਆਂ, ਉੱਚੀ-ਉੱਚੀ, ਪੜ੍ਹ ਰਹੀਆਂ ਸਨ ਸ਼ਿਕਾਰੀ ਆਏਗਾ, ਜਾਲ ਵਿਛਾਏਗਾ, ਦਾਣੇ ਪਾਏਗਾ, ਪਰ ਲੋਭ ਵਿੱਚ ਫੱਸਣਾ ਨਹੀਂ।

ਸ਼ਿਕਾਰੀ ਦੇ ਹੋਸ਼ ਉਡ ਗਏ। ਲਗਦੈ, ਇਹ ਮੇਰੀਆਂ ਚਾਲਾਂ ਸਮਝ ਗਈਆਂ ਹਨ। ਸਾਵਧਾਨ ਹਨ.... ਅੱਜ ਨਹੀਂ ਫਸਦੀਆਂ। ਪਰ ਹੁਣ, ਆ ਹੀ ਗਿਆਂ, ਤਾਂ ਇਕ ਕੋਸ਼ਿਸ਼ ਕਰ ਕੇ ਵੇਖ ਲਵਾਂ। ਬਹੇਲੀਏ ਨੇ ਜਾਲ ਸੁਟਿਆ.... ਦਾਣੇ ਸੁੱਟੇ ਅਤੇ ਆਪ ਦਰੱਖਤ ਪਿੱਛੇ ਛੁੱਪ ਗਿਆ। ਆਸ ਨਹੀਂ ਸੀ; ਪਰ ਇਹ ਕੀ ਵੇਖਿਆ ਕਿ ਚਿੜ੍ਹੀਆਂ ਸ਼ਬਦ ਪੜ੍ਹਦੀਆਂ, ਉਸ ਦਾਣਿਆਂ ਭਰੇ ਜਾਲ ਤੇ ਉਤਰੀਆਂ। ਬੋਲ ਉਵੇਂ ਦੇ ਜਿਵੇਂ ਪੜ੍ਹਾਏ ਗਏ ਸਨ, "ਸ਼ਿਕਾਰੀ ਆਏਗਾ, ਜਾਲ

ਵਿਛਾਏਗਾ, ਦਾਣੇ ਪਾਏਗਾ, ਪਰ ਲੋਭ ਵਿੱਚ ਫਸਣਾ ਨਹੀਂ। ''

ਹੱਥ ਦੀਪਕ ਕੂਏ ਪਰੇ ... ਸਾਰੀਆਂ ਜਾਲ ਵਿੱਚ ਫੱਸ ਗਈਆਂ। ਸ਼ਿਕਾਰੀ ਨੇ ਸਭ ਨੂੰ ਫੜਿਆ ਜਾਲ ਸਮੇਟਿਆ। ਸੰਜੋਗ ਨਾਲ ਮਹਾਤਮਾ ਜੀ ਲੰਘ ਰਹੇ ਸੀ। ਸਾਰਾ ਹਾਲ ਵੇਖਿਆ। ਚਿੜੀਆਂ ਤੋਂ ਪੁਛਿਆ, ਕੀ ਗੱਲ ਤੁਹਾਨੂੰ ਪੜ੍ਹਾਇਆ ਸੀ, ਫੇਰ ਕਿਵੇਂ ਫੱਸ ਗਈਆਂ ? ਚਿੜੀਆਂ ਕਿਹਾ, ਮਹਾਤਮਾ ਜੀ ਤੁਹਾਡੀ ਸੰਥਾ ਬਿਲਕੁਲ ਕੰਠ ਸੀ।ਸ਼ੁੱਧ/ਸਹੀ ਸਹੀ ਉੱਚਾਰਣ ਵੀ ਕੀਤਾ...ਸਾਰਾ ਪਾਠ ਕਈ-ਕਈ ਵਾਰ ਪੜ੍ਹਿਆ। ਪਰ ਫੇਰ ਵੀ, ਹਾਲ ਤੁਹਾਡੇ ਸਾਹਮਣੇ ਹੈ। ਕਹਿੰਦੇ ਹਨ, ਮਹਾਤਮਾ ਸਿਰ ਫੜ੍ਹ ਕੇ ਬਹਿ ਗਏ। ਹੇ ਰੱਬਾ! ਇਨ੍ਹਾਂ ਜੀਆਂ ਦੇ ਹੇ ਭਲੇ ਲਈ ਤਰਕੀਬ ਦੱਸੀ....ਇਹਨਾਂ ਪਾਠ ਬਣਾ ਲਿਆ। ਪੜ੍ਹਦੇ ਹੋਏ ਫੱਸ ਗਏ। ਅਸੀਂ ਵੀ, ਉਨ੍ਹਾਂ ਚਿੜੀਆਂ ਵਾਂਗ ਤਾਂ ਨਹੀਂ ਕਰ ਰਹੇ ?

ਜਨਮਾਂ ਤੋਂ ਇਹ ਹਾਲ ਅਸਾਡਾ,<br>
ਮਰ ਕੇ ਨ ਪਹੁੰਚਿਆ ਜਾਇ।<br>
ਸੂਲੀ ਉਪਰਿ ਸੇਜ ਪੀਆ ਕੀ<br>
ਕੋਈ ਸਾਧੂ ਦੇਇ ਮਿਲਾਇ...।

ਸਾਧੂ ਦਾ ਮਿਲਣਾ..ਸਬਕ, ਸੰਥਾ ਦਾ ਲੈਣਾ..ਉਸ ਤੇ ਅਮਲ ਕਰਨਾ ਅਤੇ ਸੁਖੀ ਹੋ ਜਾਣਾ। ਸਿਖਿਆ ਦਾ ਇਕ ਸਤਰ ਹੈ। ਵੱਖ ਵੱਖ ਸੋਮੇਸਟਰ ਹਨ। ਇਕ ਸਿਲਸਿਲਾ ਜੋ, ਚਉਥੀ ਪਉੜੀ ਤੇ ਮੁਕੰਮਲ ਹੁੰਦੈ। ਵਿਕਾਰਾਂ ਤੋਂ ਮੁਕਤਿ, ਚਉਥਾ ਪਦ!

ਗੁਰੂ ਨਾਨਕ ਪਾਤਸ਼ਾਹ, ਪਹਿਲੀ ਉਦਾਸੀ ਤੇ ਸਨ। ਬਨਾਰਸ, ਬੋਧ ਗਯਾ ਤੋਂ ਅੱਗੇ ਗੰਗਾ ਲੰਘ, ਉਤਰ-ਪੂਰਬ ਵੱਲ ਵਧੇ। ਨਵਾਦਾ, ਮੁੰਗੇਰ, ਕਿਉਲ ਹੁੰਦੇ ਹੋਏ ਢਾਕਾ ਪੁੱਜੇ। ਅਗੇ ਧਾਨਪੁਰ, ਜਾਦੂਗਰਨੀਆਂ ਦਾ ਇਲਾਕਾ ਸੀ। ਭੁੱਲਿਆਂ-ਭਟਕਿਆਂ ਦਾ ਸੁਧਾਰ ਮਹਾਪੁਰਖਾਂ ਦਾ ਮੰਤਵ ਹੁੰਦੈ। ਧਾਨਪੁਰ ਤੋਂ ਬਾਹਰ ਜੰਗਲ ਵਿੱਚ ਦਰੱਖਤ ਹੇਠ ਆਸਣ ਲਾਇਆ ਮਰਦਾਨੇ ਨੂੰ ਭੁੱਖ ਲੱਗੀ। ਸਤਿਗੁਰਾਂ ਸੁਚੇਤ ਕੀਤਾ, ਮਰਦਾਨਿਆ ਇਹ ਇਲਾਕਾ ਭਿਆਨਕ ਜਾਦੂਗਰਨੀਆਂ ਦਾ ਹੈ। ਇਥੋਂ ਦੀ ਰਾਣੀ ਸਭ ਤੋਂ ਸਿੱਧ ਜਾਦੂਗਰਨੀ ਹੈ। ਮਰਦਾਨੇ ਨੂੰ ਸ਼ਾਇਦ ਭੁੱਖ ਸੀ, ਗੁਰੂ ਬਾਬੇ ਦਾ ਕੋਈ ਨਵਾਂ ਕੌਤਕ ਵੇਖਣ ਦੀ, ਮਰਦਾਨਾ ਵਸੋਂ ਵਾਲੇ ਪਾਸੇ ਗਿਆ। ਰਾਣੀ ਦੀਆਂ ਕੁਝ ਜਾਦੂਗਰ ਦਾਸੀਆਂ ਦੀ ਨਦਰੀ ਪੈ ਗਿਆ। ਮੰਤਰ ਮਾਰਿਆ... ਮਰਦਾਨੇ ਨੂੰ ਬਕਰੀ ਬਣਾ ਕੇ, ਗਲੇ ਰੱਸੀ ਪਾ ਕੇ ਲੈ ਤੁਰੀਆਂ। ਅੰਤਰਯਾਮੀ ਸਤਿਗੁਰੂ ਜਾਣ ਗਏ। ਆਪ ਉਸੇ ਪਾਸੇ ਤੁਰ ਪਏ। ਦਾਸੀਆਂ ਮਿਲੀਆਂ, ਬਹੁਤ ਮੰਤਰ ਪੜ੍ਹੇ... ਕੋਈ ਕੰਮ ਨਾ ਆਏ। ਅੱਗੇ ਤੁਰਦੇ ਹੋਏ ਰਾਣੀ ਦੇ ਮਹਿਲ ਪਹੁੰਚ ਗਏ। ਬਕਰੀ ਰੂਪ ਵਿੱਚ ਮਰਦਾਨਾ, ਸਤਿਗੁਰੂ ਨੂੰ ਵੇਖ, ਮੈਂ...ਮੈਂ... ਕਰਨ ਲੱਗਾ . ਮਹਿਲ ਅੰਦਰ ਚਾਰ ਪਹਿਰੇਦਾਰ ਜਾਦੂਗਰਨੀਆਂ! ਮੰਤਰ ਪੜ੍ਹੇ ਕਾਲੇ ਧਾਗੇ ਸੁੱਟੇ। ਪਾਤਸ਼ਾਹ ਇਕ ਨਿਗਾਹ ਮਾਰੀ ਤੇ ਚਾਰੇ ਦੇ ਰੂਪ ਬਦਲ ਗਏ। ਕੋਈ ਭੇਡੂ, ਕੋਈ ਬਕਰੀ, ਕੋਈ ਖੋਤੀ, ਕੋਈ ਕੁੱਤੀ ਬਣ ਗਈ। ਵੇਖ ਕੇ ਰਾਣੀ ਨੂੰਰਾਂ, ਕ੍ਰੋਧ ਵਿੱਚ ਆ ਕੇ ਜਾਦੂ ਦਾ ਪਿਟਾਰਾ ਖੋਲਿਆ। ....ਕਈ ਵਾਰ ਮੰਤਰ ਪੜ੍ਹੇ, ...ਸਾਰੇ ਬੇਅਰਥ ਗਏ।

ਪਾਤਸ਼ਾਹ ਨੇ ਤਿਲੰਗ ਰਾਗ ਵਿੱਚ ਸ਼ਬਦ ਉਚਾਰਣ ਕੀਤਾ:

ਇਆਨੜੀਏ ਮਾਨੜਾ ਕਾਇ ਕਰੇਹਿ॥<br>
ਆਪਨੜੈ ਘਰਿ ਹਰਿ ਰੰਗੋ ਕੀ ਨਾ ਮਾਣੇਹਿ॥<br>
ਸਹੁ ਨੇੜੈ ਧਨ ਕਮਲੀਏ, ਬਾਹਰ ਕਿਆ ਢੂਢੇਹਿ॥

ਨਾਸਮਝ ਰਾਣੀ, ਕਾਹਦਾ ਹੰਕਾਰ ਕਰਦੀ ਹੈਂ। ਲੋਕਾਂ ਵਿਚਾਰੇ ਭੋਲੇ ਭਾਲੇ ਇਨਸਾਨਾਂ ਨੂੰ ਭੇਡਾਂ ਬਕਰੀਆਂ ਬਣਾ ਕੇ ਖੁਸ਼ ਹੋਂਦੀ ਏਂ। ਤੇਰਾ ਸਹੁ ਤੇਰੇ ਨੂੰ ਨੇੜੇ..ਤੇਰੇ ਅੰਦਰ। ਉਸਨੂੰ ਵਿਸਾਰ ਕੇ ਜੀਵਨ ਤੰਤਰ-ਮੰਤਰ ਵਿੱਚ ਰੋਲ ਰਹੀ ਹੈਂ।

ਰਾਣੀ, ਨੂੰਰਾਂ ਦੀ ਅੰਤਰਾਤਮਾ ਕੰਬ ਗਈ। ਇਹ ਤਾਂ ਕੋਈ ਰੱਬੀ ਨੂਰ ... ਮੇਰੀ ਕਾਇਆ ਨੂੰ ਦਿੱਵ ਜੋਤਿ ਨਾਲ ਰੋਸ਼ਨ ਕਰਨ ਆਇਐ। ਕਿਸੇ ਜਨਮ ਦਾ, ਕੋਈ ਨੇਕ ਕਰਮ ਅੱਗੇ ਆ ਗਿਐ... ਰੱਬੀ ਦੀਦਾਰ ਦਾ ਭਾਗ ਨਸੀਬ ਹੋਇਐ ਚਰਨਾਂ ਤੇ ਡਿੱਗ ਪਈ। ਮੇਰੇ ਤੇ ਰਹਿਮ ਕਰੋ ਦਾਤਾ। ਮੇਹਰ ਕਰੋ, ਨਵਾਂ-ਸੁਚੱਜਾ ਜੀਵਨ ਬਖਸ਼ੋ। ਮੇਰੀਆਂ ਇਹਨਾਂ ਦਾਸੀਆਂ ਨੂੰ ਮੁੜ ਇਸਤ੍ਰੀ ਰੂਪ ਦਿਉ। ਅਗੋਂ ਹੁਣ ਕਦੀ ਐਸੀ ਭੁੱਲ ਨਹੀਂ ਹੋਵੇਗੀ...। ਚਰਣਾਂ ਤੇ ਸਿਰ ਰੱਖ ਦਿੱਤਾ। ਸਤਿਗੁਰਾਂ ਬਚਨ ਕੀਤਾ, ਕਹੋ ਸਤਿ ਕਰਤਾਰ! ਜਿਵੇਂ ਜਿਵੇਂ ਤੂੰ ਸਤਿ ਕਰਤਾਰ ਕਹੇਂਗੀ, ਇਹ ਆਪਣੇ ਰੂਪ ਵਿੱਚ ਆ ਜਾਣਗੀਆਂ। ਰਾਣੀ ਹੀਰਿਆਂ ਮੋਤੀਆਂ ਦਾ ਥਾਲ ਲੈ, ਦੌੜਦੀ ਆਈ...। ਚਰਣਾਂ ਤੇ ਰੱਖ ਬੇਨਤੀ ਕੀਤੀ, ਇਹ ਤਿਲ ਫੁੱਲ ਪਰਵਾਨ ਕਰੋ... ਮੇਰੀ ਨਿਮਾਣੀ ਦਾ ਜੀਵਨ ਸਫ਼ਲ ਕਰੋ।

ਸਤਿਗੁਰੂ ਇਕ ਨਜ਼ਰ, ਥਾਲ ਵੱਲ ਵੇਖਿਆ ਤੇ ਸਿਰੀ ਰਾਗ ਵਿੱਚ ਸ਼ਬਦ ਉੱਚਾਰਨ ਕੀਤਾ:

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥<br>
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥<br>
ਮਤੁ ਦੇਖਿ ਭੂਲਾ ਵੀਸਰੈ, ਤੇਰਾ ਚਿਤਿ ਨ ਆਵੈ ਨਾਉ॥

ਨੂੰਰਾਂ ਇਹ ਸੰਸਾਰ ਮੋਤੀਆਂ ਦੇ ਮਹਿਲ, ਰਤਨਾਂ, ਮਾਣਕਾਂ ਨਾਲ ਸਜੀਆਂ ਦੀਵਾਰਾਂ .. ਖੁਸ਼ਬੋਦਾਰ ਕਸਤੂਰੀ,

ਧੂਪ, ਚੰਦਨ....ਇਹ ਸੰਸਾਰ ਸਮਗ੍ਰੀ ਕਿਤੇ ਪ੍ਰਮੇਸ਼ਰ ਨਾ ਭੁਲਾ ਦੇਵੇ। ਇਹ ਗਰੀਬਾਂ ਜ਼ਰੂਰਤਮੰਦਾਂ ਦੀ ਸਹਾਇਤਾ ਵਿੱਚ ਸਫਲ ਕਰ।

ਸਾਰਾ ਜੀਵਨ, ਜਾਦੂ ਸ਼ਕਤੀ ਨਾਲ ਲੋਕਾਂ ਨੂੰ ਦੁਖ ਦੇ ਕੇ, ਸਤਾ ਕੇ, ਸੁਖੀ ਹੋਣ ਵਾਲੀ ਤਿਲਸਮੀ ਦੁਨੀਆਂ ਦੀ ਜਾਦੂਗਰ ਰਾਣੀ, ਹੁਣ ਸੇਵਾਦਾਰਨ ਹੋ ਗਈ। ਇਕ ਬਖਸ਼ੀ ਰੂਹ ਨਾਲ ਮੇਲ ਹੋਇਆ, ਕਾਇਆ ਕਲਪ ਹੋ ਗਈ। "ਮਾਧੋ ਸਾਧੂ ਜਨ ਦੇਹੁ ਮਿਲਾਇ"....

ਮਹਾਰਾਸ਼ਟਰ ਦੇ ਸੰਤ ਟੁਕੜੇ ਜੀ, ਕਿਸੇ ਮਸਤੀ ਦੇ ਖਿਨ ਵਿੱਚ ਗਾਉਂਦੇ ਸਨ:

ਮਿਲੇ ਕੋਈ ਐਸਾ ਸੰਤ ਫਕੀਰ॥
ਪਹੁੰਚਾ ਦੇ ਭਵ ਨਦੀਆ ਕੇ ਤੀਰ॥

ਇਹ ਦ੍ਰਿਸ਼ਟੀ ਕਿਸੇ ਸਾਧ ਕੋਲ ਹੁੰਦੀ ਹੈ। ਸੰਸਾਰ ਤਾਂ ਅਭਾਵ ਗ੍ਰਸਤ ਹੀ ਦਿਸਦੈ। ਧਨ ਦਾ ਅਭਾਵ, ਸੇਹਤ ਦਾ ਅਭਾਵ, ਸ਼ਾਨ ਪ੍ਰਤਿਸ਼ਠਾ ਦਾ ਅਭਾਵ...। ਸਾਰੀ ਜ਼ਿੰਦਗੀ, ਇਨਾਂ ਅਭਾਵਾਂ ਨੂੰ, ਜ਼ਰੂਰਤਾਂ ਨੂੰ, ਪੂਰਿਆਂ ਕਰਦਿਆਂ ਗਵਾ ਦਿੱਤਾ। ਕਿਸੇ ਦੁਖਿਆਰੇ ਦੇ ਪੈਰੋਂ ਰੋੜੇ-ਕੰਢੇ ਚੁੱਗਣ ਦਾ ਸਮਾਂ ਹੀ ਨਹੀਂ ਮਿਲਿਆ।

ਭਾਈ ਸੱਤ ਤੇ ਬਲਵੰਡ! ਗੁਰੂ ਘਰ ਦੇ ਕੀਰਤਨੀਏ। ਸਤਿਗੁਰੂ ਪੰਜਵੇਂ ਪਾਤਸ਼ਾਹ ਦਾ ਸਮਾਂ! ਬਹੁਤ ਪਿਆਰ ਸਨਮਾਨ ਮਿਲਿਆ। ਕਾਲ ਦਾ ਚੱਕਰ ਚਲਿਆ...ਮਤਿ ਵਿਪਰੀਤ ਹੋ ਗਈ। ਲੜਕੀ ਦੇ ਵਿਆਹ ਲਈ ਧਨ ਦੀ ਲੋੜ ਸੀ। ਗੁਰੂ ਪਾਤਸ਼ਾਹ ਬਚਨ ਕੀਤਾ, ਕਿੰਨੀ ਕੁ ਮਾਇਆ ਦੀ ਜ਼ਰੂਰਤ ਹੈ ਸੰਗਨ ਦੀ ਲੋੜ ਨਹੀਂ ਸਤਿਗੁਰ ਨਾਨਕ ਦਾ ਦਰ ਹੈ, ਮੰਗ ਲਵੋ। ਮਤਿ ਵਿੱਚ ਹੰਕਾਰ ਪ੍ਰਵੇਸ਼ ਕਰ ਗਿਆ। ਉਨ੍ਹਾਂ ਨੂੰ ਜਾਪਦਾ ਸੀ, ਸਾਡੀ ਰਾਗ ਵਿਦਿਆ ਕੀਰਤਨ ਦੀ ਹੀ ਖਿੱਚੀਆਂ ਸੰਗਤਾਂ ਆਉਂਦੀਆਂ ਹਨ। ਇਕ ਦਿਨ ਸਵੇਰ ਆਸਾ ਦੀ ਵਾਰ ਕੀਰਤਨ ਦੀ ਸਾਰੀ ਭੇਟ, ਦਿੱਤੀ ਜਾਏ। ਸਤਿਗੁਰਾਂ ਬਚਨ ਕੀਤਾ, ਜਿਵੇਂ ਤੁਹਾਨੂੰ ਚੰਗਾ ਲਗਦੈ, ਉਵੇਂ ਕਰ ਲਵੋ।

ਦੂਜੇ ਦਿਨ, ਸਵੇਰ ਦਾ ਕੀਰਤਨ ਹੋਇਆ। ਕਰਮਾਂ ਦੀ ਗੱਲ...ਕੁਲ ਸੌ ਰੁਪਏ ਚੜ੍ਹਾਵੇ ਤੇ ਆਏ।ਆਸ ਹਜ਼ਾਰਾਂ ਦੀ ਹੈ ਸੀ। ਨਾਰਾਜ਼ ਹੋ ਗਏ।ਅਯੋਗ ਸ਼ਬਦ ਬੋਲਦੇ, ਉਠ ਕੇ ਤੁਰ ਗਏ। ਸਾਡੇ ਨਾਲ ਚਲਾਕੀ ਕੀਤੀ ਏ ਸੰਗਤ ਨੂੰ ਭੇਟਾ ਦੇਣ ਤੋਂ ਵਰਜ ਦਿੱਤਾ। ਕੀਰਤਨ ਕਰਨ ਨਾ ਆਏ। ਸਮਾਂ ਸ਼ਾਮ ਦੇ ਦੀਵਾਨ ਦਾ ਹੋ ਗਿਆ। ਸੇਵਕ ਭੇਜੇ...ਬੋਲ ਕੁਬੋਲ ਬੋਲੇ, ਆਉਣੋ ਨਾ ਕਰ ਦਿੱਤੀ। ਸਤਿਗੁਰੂ ਪਾਤਸ਼ਾਹ ਆਪ ਗਏ। ਸਾਲੋ ਜੀ ਦੀ ਧਰਮਸ਼ਾਲਾ ਨੇੜੇ, ਉਨ੍ਹਾਂ ਦਾ ਘਰ ਸੀ। ਸਤਿਗੁਰਾਂ ਬਹੁਤ ਸਮਝਾਇਆ।ਪੈਸਿਆਂ ਦੀ ਜਿੰਨੀ ਜ਼ਰੂਰਤ ਹੈ ਲੈ ਲਵੋ ...ਗੁਰੂ ਨਾਨਕ ਦੇ ਘਰ ਕੋਈ ਘਾਟ ਨਹੀਂ।ਅਗੋਂ, ਹੰਕਾਰ ਮੱਤੇ ਰਬਾਬੀਆਂ, ਬਹੁਤ ਮਾੜੇ ਬੋਲ ਬੋਲੇ । ਇਹ ਸਾਡੇ ਵੱਡੇ ਵਡੇਰੇ ਕੀਰਤਨੀਆਂ ਦਾ ਪ੍ਰਭਾਵ ਸੀ, ਜੋ ਲੋਗ ਗੁਰੂ ਘਰ ਨਾਲ ਜੁੜਦੇ ਰਹੇ। ਸਾਡੇ ਵਡੇਰੇ, ਭਾਈ ਮਰਦਾਨਾ ਜੀ ਦੀ ਰਬਾਬ ਦੀ ਧੁਨਾਂ ਅਤੇ ਗਾਇਕੀ ਦਾ ਕਮਾਲ ਸੀ...ਨਹੀਂ ਤਾਂ, ਗੁਰੂ ਨਾਨਕ ਨੂੰ ਕੌਣ ਜਾਣਦਾ ਸੀ।ਸਾਡੇ ਹੀ ਵੱਡਿਆਂ ਨੇ, ਗੁਰੂ ਅੰਗਦ ਦੀ ਗੁਰਤਾ ਸਥਾਪਤ ਕੀਤੀ.... ਤੁਹਾਡੇ ਗੁਰੂ ਪਿਤਾ ਨੂੰ ਕਿਸ ਪੁੱਛਣਾ ਸੀ। ਬੱਸ ਹੰਕਾਰੀਓ ! ਬੱਸ ਕਰੋ। ਤੁਸੀਂ ਬੇਦੀ ਕੁਲ ਤਿਲਕ ਦੀ ਨਿੰਦਾ ਕੀਤੀ ਹੈ।

ਬੇਦੀ ਕੁਲ ਤਿਲਕ ਦੀ ਨਿੰਦਾ ਤੁਮ ਕੀਨੀ॥
ਫਿਟ ਜਾਵੇਗੀ ਦੇਹਿ, ਤੁਮ ਰੁਜ ਤੇ ਹੋਇ ਹੀਨੀ ॥

ਮੈਨੂੰ ਜੋ ਮਰਜ਼ੀ ਆਖਦੇ..ਤੁਸਾਂ ਵਡੇਰਿਆਂ ਸਤਿਗੁਰਾਂ ਦੀ ਨਿੰਦਾ ਕੀਤੀ ਏ ਤੁਹਾਡੀ ਦੇਹ ਫਿਟ ਜਾਏਗੀ....ਤੁਹਾਨੂੰ ਕੋਹੜ ਹੋ ਜਾਏਗਾ...ਕੋਈ ਤੁਹਾਨੂੰ ਮੱਥੇ ਨਾ ਲਾਏਗਾ।

ਹੋਣੀ ਵਰਤ ਗਈ। ਦੋਹਾਂ ਨੂੰ ਕੋਹੜ ਹੋ ਗਿਆ। ਸਾਰਾ ਸਰੀਰ ਫੋੜਿਆਂ ਨਾਲ ਭਰ ਗਿਆ। ਕੋਈ ਮੱਥੇ ਨਹੀਂ ਲਾਉਂਦਾ। ਕਿਸੇ ਕੋਲ ਜਾਂਦੇ ਤਾਂ ਮੂੰਹ ਮੋੜ ਲੈਂਦੇ।ਜਿਹੜੇ ਪਹਿਲਾਂ, ਇਹਨਾਂ ਦੀ ਗਾਇਕੀ ਅਤੇ ਸੁਰ ਦੀ ਸਿਫ਼ਤਾਂ ਕਰਦਿਆਂ ਧਕਦੇ ਨਹੀਂ ਸਨ ਉਹ ਹੁਣ ਇਹਨਾਂ ਗੁਰੂ ਦੋਖੀਆਂ ਨੂੰ ਵੇਖ ਕੇ ਬੂਹੇ ਬੰਦ ਕਰ ਲੈਂਦੇ। ਹੁਣ ਪਛਤਾਉਂਦੇ। ਇਹ ਅਸਾਂ ਕੀ ਕਰ ਲਿਆ ? ਹੁਣ ਕੋਈ ਸਹਾਈ ਨਹੀਂ ਦਿਸਦਾ। ਸੱਤੇ ਦੇ ਮਨ, ਵਿਚਾਰ ਆਈ,...ਭਾਈ ਲੱਧਾ ਜੀ, ਲਾਹੌਰ ਵਾਲੇ ... ਪਰਉਪਕਾਰੀ ਸਾਧ ਹਨ। ਸਤਿਗੁਰਾਂ ਵੀ, ਕਈ ਵਾਰ ਸੰਗਤ ਵਿੱਚ, ਉਨ੍ਹਾਂ ਸੰਤਾਂ ਦੇ ਪਰਉਪਕਾਰੀ ਜੀਵਨ ਦੀ ਚਰਚਾ ਕੀਤੀ ਏ। ਕਿਸੇ ਤਰ੍ਹਾਂ ਰਿੜਦੇ ਹੋਏ, ਭਾਈ ਲੱਧਾ ਜੀ ਕੋਲ ਅੰਮ੍ਰਿਤਸਰ ਤੋਂ ਤੁਰ ਕੇ ਲਾਹੌਰ ਪਹੁੰਚ ਗਏ। ਸੰਤ ਬਲਵੰਡ ਦਾ ਪ੍ਰਸੰਗ, ਭਾਈ ਲੱਧਾ ਜੀ ਸੁਣ ਚੁੱਕੇ ਸਨ। ਸਤਿਗੁਰਾਂ ਦਾ ਇਹ ਹੁਕਮ ਵੀ ਸੁਣਿਆ ਸੀ, ਕੋਈ ਇਹਨਾਂ ਫਿਟਿਆਂ ਹੋਇਆਂ ਦੀ ਸਿਫ਼ਾਰਿਸ਼ ਲੈ ਕੇ ਮੇਰੇ ਕੋਲ ਨਾ ਆਵੇ। ਜਿਹੜਾ ਆਏਗਾ, ਉਸ ਦਾ ਮੂੰਹ ਕਾਲਾ ਕਰਕੇ, ਜੁੱਤੀਆਂ ਦਾ ਹਾਰ ਗੱਲ ਪਾ ਕੇ, ਖੋਤੇ ਤੇ ਬਿਠਾ ਕੇ, ਸ਼ਹਿਰ ਵਿੱਚ ਫਿਰਾਇਆ ਜਾਵੇਗਾ। ਸੱਚੇ ਪਾਤਸ਼ਾਹ ਦੀ ਰੰਜਿਸ਼ ਦਾ ਅੰਦਾਜ਼ਾ ਲਾਉਂਦਿਆਂ, ਭਾਈ ਲੱਧਾ ਜੀ ਵੀ ਕੰਬ ਗਏ। ਪਰ ਪੜ੍ਹਦੇ ਸੁਣਦੇ ਹਾਂ:

ਸਾਧ ਕੈ ਸੰਗਿ ਨਹੀਂ ਕਛੁ ਘਾਲ ॥
ਦਰਸਨੁ ਭੇਟਤ ਹੋਤ ਨਿਹਾਲ॥

ਕਹਿੰਦੇ ਹਨ, ਨਦੀਆਂ ਦਾ ਜਲ ਤਿਹਾਇਆਂ ਨਹੀਂ ਹੁੰਦਾ। ਦਰੱਖਤਾਂ ਦੇ ਫਲ, ਸੰਤਾਂ ਦਾ ਜੀਵਨ ਲੋਕ-ਹਿਤ ਲਈ ਹੁੰਦਾ ਹੈ। ਭਾਈ ਜੀ, ਦੁਹਾਂ ਦਾ ਦੁਖ ਵੇਖ ਕੇ ਦ੍ਰਵਿਤ ਹੋ ਗਏ। ਅੱਖਾਂ ਵਿੱਚ ਜਲ ਭਰ ਆਇਆ। ਬਚਨ ਕੀਤਾ ਪ੍ਰਸਾਦ ਪਾਣੀ ਛੱਕੋ। ਦੂਰੋਂ ਆਏ ਹੋ, ਅਰਾਮ ਕਰੋ, ਸਵੇਰੇ ਇੱਥੋਂ ਤੁਰਾਂਗੇ। ਭਾਈ ਲੱਧਾ ਜੀ ਨੇ, ਆਪ ਮੂੰਹ ਤੇ ਕਾਲਖ ਮੱਲੀ ਤੇ ਜੁੱਤੀਆਂ ਦਾ ਹਾਰ ਬਣਾ ਕੇ ਗਲ ਪਾਇਆ। ਇਕ ਖੋਤਾ ਕਿਤੋਂ ਭਾੜੇ ਤੇ ਲਿਆ।ਅਗਲੇ ਦਿਨ, ਸਵੇਰ ਹੋਈ ਤਾਂ ਤੁਰ ਪਏ। ਸ੍ਰੀ ਅੰਮ੍ਰਿਤਸਰ ਪੁੱਜੇ। ਨਗਰ ਵਿੱਚ ਆਪ ਸੜਕਾਂ ਗਲੀਆਂ ਵਿੱਚ ਫਿਰਨ ਲੱਗੇ। ਕੌਤੁਹਲ ਹੋਏ ਬੱਚਿਆਂ ਨੂੰ ਕੋਈ ਬਹਿਰੂਪੀਆ ਲੱਗਾ।ਰੌਲਾ ਪਾਉਂਦੇ ਬੱਚੇ ਪਿੱਛੇ ਪਿੱਛੇ ਤੁਰੀ ਜਾਂਦੇ। ਸਤਿਗੁਰ ਪਾਤਸ਼ਾਹ, ਸ੍ਰੀ ਦਰਬਾਰ ਸਾਹਿਬ ਪਰਿਕਰਮਾ ਵਿੱਚ, ਥੜਾ ਸਾਹਿਬ, ਦੁਖ ਭਜਨੀ ਬੇਰੀ ਵਾਲੀ ਥਾਂ ਤੇ ਬਿਰਾਜਮਾਨ ਸਨ। ਕੁਝ ਸੰਗਤ, ਬਾਹਰੋਂ ਆਏ ਸਿੱਖ ਦਰਸ਼ਨ ਕਰ ਰਹੇ ਸਨ। ਰੌਲਾ ਜਿਹਾ ਸੁਣਿਆ। ਕਿਸੇ ਸੇਵਕ ਦਸਿਆ, ਭਾਈ ਲੱਧਾ ਜੀ, ਸੱਤੇ ਬਲਵੰਡ ਨੂੰ ਲੈ ਕੇ ਬਖ਼ਸ਼ਾਉਣ ਆ ਰਹੇ ਹਨ। ਸਤਿਗੁਰਾਂ ਵੇਖਿਆ... ਪਰਉਪਕਾਰੀ ਸਾਧ, ਮੇਰਾ ਪਿਆਰਾ ਸਿੱਖ ਭਾਈ ਲੱਧਾ। ਮੂੰਹ ਤੇ ਕਾਲਖ, ਗਲ ਜੁੱਤੀਆਂ ਦੀ ਮਾਲਾ, ਖੋਤੇ ਤੇ ਸਵਾਰ। ਸਤਿਗੁਰਾਂ ਦੇ ਨੇਤਰਾਂ ਵਿੱਚ ਜਲ ਭਰ ਆਇਆ। ਭਾਈ ਜੀ ਖੋਤੇ ਤੋਂ ਉਤਰੇ... ਸਤਿਗੁਰ ਚਰਨਾਂ ਤੇ ਸੀਸ ਰਖਿਆ। ਮੇਰੇ ਸਤਿਗੁਰ! ਜੀਅ ਤਾਂ ਭੁੱਲਣਹਾਰ ਹੈ...ਤੁਸੀਂ ਬਖ਼ਸ਼ਣਹਾਰ ਹੋ। ਇਹਨਾਂ ਨੂੰ ਆਪਣੀ ਭੁੱਲ ਪ੍ਰਤੀ ਬਹੁਤ ਪਛਤਾਵਾ ਹੈ, ਰੋਂਦੇ ਹਨ ਬਹੁਤ ਦੁਖੀ ਹਨ। ਆਪ ਦਾ ਬਚਨ ਲੱਗ ਗਿਐ...ਕੋਹੜੀ ਹੋ ਗਏ ਨੇ।

ਮੱਖੀਆਂ ਭਿੰਨ-ਭਿੰਨ ਕਰਦੀਆਂ ਹਨ। ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ-ਅਵਗਣੁ ਨ ਬੀਚਾਰਹੁ ਕੋਈ..“ਬਖਸ਼ ਦਿਓ” ਸਾਰਾ ਜਗਤ ਮੰਗਤਾ ਇਕ ਤੂੰ ਦਾਤਾ...। ਇਹਨਾਂ ਨੂੰ ਚਰਨੀ ਲਾਓ... ਪਹਿਲਾਂ ਵਾਂਗ, ਨਿਰੋਗ ਹੋ ਜਾਣ। ਭਾਈ ਲੱਧਾ ਜੀ, ਤੁਹਾਡੇ ਜਿਹੇ ਪਰਉਪਕਾਰੀ ਸਿੱਖ ਧੰਨ ਹਨ-

ਗੁਰ ਮਾਰੇ ਕਉ ਸਿੱਖ ਬਚਾਵਹਿ...
ਸਿੱਖ ਮਾਰਹਿ ਤਿਸ ਨਹਿ ਕਿਤ ਥਾਂਇ॥

ਇਹਨਾਂ ਨੂੰ ਕਹੋ, ਜਿਸ ਮੁਖ ਤੋਂ ਗੁਰੂ ਨਾਨਕ ਦੀ ਨਿੰਦਾ ਕੀਤੀ ਸੀ, ਉਸੇ ਮੁਖ ਨਾਲ ਗੁਰੂ ਦੀ ਸਿਫ਼ਤ ਕਰਨ। ਜਿਵੇਂ ਜਿਵੇਂ ਸਿਫ਼ਤ ਕਰਨਗੇ, ਰੋਗ ਦੂਰ ਹੁੰਦਾ ਜਾਏਗਾ...। ਦੁਰਲਭ ਹੁੰਦੇ ਹਨ, ਇਵੇਂ ਦੇ ਸਾਧ ! ਭਾਗਾਂ ਨਾਲ ਮੇਲ ਹੁੰਦੈ,...

“ਮਾਧੋ ਸਾਧੂ ਜਨ ਦੇਹੁ ਮਿਲਾਇ॥”

ਗਾਰਗੀ, ਭਾਰਤੀ ਧਰਮ ਦਰਸ਼ਨ ਦੀ ਅਦੁੱਤੀ ਆਤਮ ਗਿਆਨੀ ਨਾਰੀ ਹੋਈ ਹੈ। ਵਚਕਨੂੰ ਰਿਸ਼ੀ ਦੀ ਪੁਤਰੀ, ਚਾਰੇ ਵੇਦਾਂ ਦੀ ਗਿਆਤਾ! ਵੇਦਾਂਤ ਵਿਆਖਿਆਤਾ! ਪੂਰਨ ਵਿਦੁਸ਼ੀ! ਪਿਤਾ ਵਚਕਨੂੰ ਰਿਸ਼ੀ ਕਹਿੰਦੇ, ਗਾਰਗੀ! ਤੇਰੇ ਜੀਵਨ ਵਿੱਚ ਪੂਰਨ ਗੁਰੂ ਦੀ ਘਾਟ ਹੈ। ਰਾਜਾ ਜਨਕ ਦਾ ਸਮਾਂ ਸੀ। ਇਕ ਵਾਰ, ਰਾਜਾ ਜਨਕ ਨੇ ਘੋਸ਼ਣਾ ਕਰਵਾਈ ਕਿ ਇਕ ਹਜ਼ਾਰ ਗਊਆਂ ਸੋਨੇ ਦੀਆਂ ਮੋਹਰਾਂ ਨਾਲ ਸੱਜੀਆਂ, ਜਿਹੜਾ ਸਭ ਤੋਂ ਵੱਡਾ ਵਿਦਵਾਨ ਹੋਵੇ, ਉਹ ਲੈ ਜਾਏ। ਯੱਗਵਲੱਕਯ ਜੀ ਨੂੰ, ਆਸ਼ਰਮ ਦੇ ਵਿਦਿਆਰਥੀਆਂ ਲਈ ਦੁੱਧ ਦੀ ਲੋੜ ਸੀ। ਹੁਕਮ ਕੀਤਾ, ਚਲੋ ਗਊਆਂ ਲੈ ਆਈਏ।ਉਧਰ, ਗਾਰਗੀ ਵੀ ਸੰਜੋਗ ਨਾਲ, ਜਨਕ ਦਰਬਾਰ ਵਿੱਚ ਆਈ ਸੀ। “ਬਿਦੇਹ” ਨੂੰ ਧਰਮ ਚਰਚਾ ਲਈ ਯੋਗ ਪਾਤਰ ਸਮਝਦੀ ਸੀ। ਯੱਗਵਲੱਕਯ ਜੀ ਦੇ ਵਿਦਿਆਰਥੀ, ਗਊਆਂ ਖੋਲਣ ਲੱਗੇ। ਗਾਰਗੀ ਨੇ ਕਿਹਾ, ਠਹਿਰੋ! ਯੱਗਵਲੱਕਯ ਜੀ ਵੱਲ ਮੁਖਾਤਿਬ ਹੋ ਕੇ ਬੋਲੀ “ਤੁਹਾਨੂੰ ਭਰੋਸਾ ਹੈ, ਤੁਸੀਂ ਸਭ ਤੋਂ ਵੱਡੇ ਵਿਦਵਾਨ ਹੋ?”

ਮੈਨੂੰ ਆਸ਼ਰਮ ਲਈ ਦੁੱਧ ਦੀ ਜ਼ਰੂਰਤ ਹੈ- ਰਿਸ਼ੀ ਬੋਲੇ।“ਪਹਿਲਾਂ ਮੇਰੇ ਪ੍ਰਸ਼ਨ ਦਾ ਜਵਾਬ ਦਿਉ ਗਾਰਗੀ ਕਿਹਾ। ਸਵਰਗ ਲੋਕ ਤੋਂ ਉਪਰ ਜੋ ਕੁਝ ਹੈ, ਧਰਤੀ ਦੇ ਹੇਠ ਜੋ ਕੁਝ ਹੈ ਜੋ ਹੋਇਐ, ਹੋ ਰਿਹੈ ਜਾਂ ਹੋਏਗਾ, ਉਹ ਕਿਸ ਦੇ ਅਧੀਨ ਹੈ? ਯੱਗਵਲੱਕਯ: ਦੁਧਾ ਥਾ ਤਬ ਬਾਰੇ ਧਾਰੀ।

ਅਰਥਾਤ ਇਕ ਸੱਤਾ, ਜਿਸ ਦਾ ਕਦੇ ਛਰਿ (ਨਾਸ਼) ਨਹੀਂ ਹੁੰਦਾ.. ਉਹ ਸਤਿ ਸਦੀਵੀ ਬ੍ਰਹਮ ਦੇ ਸ਼ਾਸਨ ਅਧੀਨ ਸਾਰਾ ਬ੍ਰਹਮਾਂਡ ਹੈ। ਗਾਰਗੀ ਯੱਗਵਲੱਕਯ ਵਾਰਤਾ ਬਹੁਤ ਲੰਬੀ ਚੱਲੀ। ਅੰਤ ਗਾਰਗੀ, ਯੱਗਵਲੱਕਯ ਜੀ ਦੀ ਪ੍ਰੇਮ ਵਿਆਖਿਆ ਪ੍ਰੇਮ ਦੇ ਬਿੰਬ, ਸੂਰਜ, ਧਰਤੀ, ਹਵਾ, ਨਦੀਆਂ ਦਾ ਜਲ..ਇਹ ਪ੍ਰੇਮ ਕਰਦੇ ਹਨ, ਸ੍ਰਿਸ਼ਟੀ ਨੂੰ ਬਹੁਤ ਕੁਝ ਦੇਂਦੇ ਹਨ ਬਦਲੇ ਵਿੱਚ ਕੁਝ ਆਸ ਨਹੀਂ ਰਖਦੇ। ਪ੍ਰੀਤ ਦੀ ਅਦੁਤੀ ਪਛਾਣ...ਪ੍ਰੇਮ ਦੇ ਨਿਵੇਕਲੇ ਸੰਦਰਭ ਸੁਣ ਕੇ ਗਾਰਗੀ ਪੂਰੀ ਤਰਾਂ ਸੰਤੁਸ਼ਟ ਹੋ ਗਈ। ਪਰਾਜਯ (ਹਾਰ) ਸਵੀਕਾਰ ਕੀਤੀ।ਯੱਗਵਲੱਕਯ ਜੀ ਨੂੰ ਗੁਰੂ ਧਾਰਣ ਕੀਤਾ। ਉਸ ਨੇ ਜਨਕ ਦਰਬਾਰ ਵਿੱਚ ਕਿਹਾ, ਧਰਮ ਗਿਆਨ ਤਾਂ ਲਿਪੀ ਦੇ ਅੱਖਰ ਮਾਤਰ ਹੁੰਦੇ ਹਨ। ਧਰਮ ਗ੍ਰੰਥਾਂ ਚੋਂ ਚੁੱਗੇ ਹੋਏ ਕੁਝ ਅੱਖਰ...! ਪੂਰਨ ਸਾਧ, ਕੋਈ ਪੂਰਨ ਗੁਰੂ, ਇਹਨਾਂ ਅੱਖਰਾਂ ਨੂੰ ਆਤਮਾ ਦਾ ਅਨੁਭਵ ਦੇ ਕੇ ਪੂਰਨ ਕਰਦੈ। ਮੈਂ ਭਾਗਾਂ ਵਾਲੀ...ਅੱਜ ਇਕ ਸਾਧ ਦਾ ਆਸਰਾ ਮਿਲਿਆ...

“ਮਾਧੋ ਸਾਧੂ ਜਨ ਦੇਹੁ ਮਿਲਾਇ”

# ਗੁਰਮੁਖੀਆ ਮੁਹ ਸੋਹਣੇ ਗੁਰ ਕੈ ਹੇਤਿ ਪਿਆਰਿ॥

**ਹਰਪਾਲ ਸਿੰਘ ਸੋਧੀ**

ਸਿੱਖਾਂ ਦੀ ਜਿੰਦਗੀ ਨੂੰ ਸਜਾਉਣ ਸਵਾਰਨ ਅਤੇ ਪ੍ਰੇਰਨ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿੱਕੇ-ਨਿੱਕੇ ਕੌਤਕ ਅਤੇ ਵਡੀਆਂ ਵਡੀਆਂ ਲੀਲਾਵਾਂ ਬੜੀਆਂ ਅਸਚਰਜ ਸਨ, ਸਤਿਗੁਰੂ ਜਗਜੀਤ ਸਿੰਘ ਜੀ ਦੀ ਖੁੱਲ ਦਿਲੀ ਅਤੇ ਬੇਪਰਵਾਹੀ ਸਿੱਖਾਂ ਅਤੇ ਆਪਣੇ ਸੇਵਾਦਾਰਾਂ ਦੇ ਹੌਸਲਿਆਂ ਨੂੰ ਪਰਵਾਜ਼ ਬਖਸ਼ਦੀ, ਕਿਸੇ ਵੀ ਸੇਵਾ ਅਤੇ ਕਾਰਜ਼ ਲਈ ਜ਼ਿੰਮੇਦਾਰੀ ਦੇ ਨਾਲ ਨਾਲ ਉਸ ਸੇਵਾ ਲਈ ਉਸ ਕਾਰਜ ਨੂੰ ਕਰਨ ਲਈ ਪੂਰਨ ਅਧਿਕਾਰ ਦੇਣੇ ਅਤੇ ਆਪਣੇ ਥਾਪੇ ਪ੍ਰਬੰਧਕ ਦੀ ਪਿਠ ਨਾ ਲੱਗਨ ਦੇਣੀ ਸਤਿਗੁਰੂ ਜੀ ਦੀ ਮਹਾਨਤਾ ਸੀ। ਸਤਿਗੁਰੂ ਜੀ ਗੁਣਵੱਤਾ ਵੇਖ ਕੇ ਖਿਡਾਰੀ ਨਹੀਂ ਚੁਣਦੇ ਸਨ ਬਲਕਿ ਚੁਣੇ ਹੋਏ ਖਿਡਾਰੀ ਚ ਹੀ ਗੁਣਵੱਤਾ ਭਰ ਕੇ ਖਿਡਾਉਂਦੇ ਅਤੇ ਜਿਤਾਉਂਦੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਐਸੀਆਂ ਹੀ ਰਹਿਮਤਾਂ ਅਤੇ ਬਖਸ਼ਿਸ਼ਾਂ ਦੇ ਪਾਤਰ ਸਨ ਸ. ਗੁਰਮੁਖ ਸਿੰਘ ਰਹਿਬਰ, ਜਿਨਾਂ ਦਾ ਜੀਵਨ ਬਹੁਤ ਸਾਰੇ ਖੇਤਰਾਂ ਚ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅਤੇ ਕਿਰਪਾ ਨਾਲ ਸਫਲ ਪ੍ਰਬੰਧਕੀ ਸੇਵਾਵਾਂ ਨਿਭਾਉਂਦਾ ਬਤੀਤ ਹੋਇਆ।

ਸ. ਗੁਰਮੁਖ ਸਿੰਘ ਜੀ ਦਾ ਜਨਮ ਭਾਰਤ ਦੀ ਆਜ਼ਾਦੀ ਦੇ ਦੋ ਵਰ੍ਹਿਆਂ ਬਾਅਦ ਸ੍ਰੀ ਗੰਗਾਨਗਰ ਰਾਜਸਥਾਨ ਵਿੱਖੇ ਮਾਤਾ ਬਚਨ ਕੌਰ ਅਤੇ ਪਿਤਾ ਸੰਤ ਨਾਜਰ ਸਿੰਘ ਜੀ ਦੇ ਘਰ ਹੋਇਆ। ਮਾਤਾ ਪਿਤਾ ਗੁਰਮੁਖ ਸਿੰਘ ਜੀ ਦੇ ਜਨਮ ਤੋਂ ਕੁਝ ਸਮਾਂ ਪਹਿਲਾਂ ਹੀ ਨਾਮਧਾਰੀ ਸਿੱਖ ਸਜੇ ਸਨ ਅਤੇ ਵੱਡੀ ਸੋਧ ਰੱਖਿਆ ਕਰਦੇ ਸਨ, ਸ੍ਰੀ ਜੀਵਨ ਨਗਰ ਅਤੇ ਸ੍ਰੀ ਭੈਣੀ ਸਾਹਿਬ ਆਉਂਦੇ ਜਾਂਦੇ ਰਹਿੰਦੇ ਲੰਗਰ ਚ ਸੇਵਾ ਕਰਦੇ, ਘਰ ਵੀ ਸਾਧਾ-ਸੰਤਾਂ ਸੋਧੀਆਂ ਦਾ ਆਉਣ ਜਾਣ ਸੀ, ਗੁਰਮੁਖ ਸਿੰਘ ਜੀ ਨੂੰ ਭਜਨ ਸੰਤ ਜਗਤ ਸਿੰਘ ਜੀ ਤੋਂ ਪ੍ਰਾਪਤ ਹੋਇਆ, ਵੱਡੀ ਭੈਣ ਵੀ ਸੋਧ ਰੱਖਦੀ ਭਾਵ ਪੂਰੇ ਸਿੱਖੀ ਵਾਤਾਵਰਨ ਚ ਗੁਰਮੁਖ ਸਿੰਘ ਜੀ ਦੀ ਪਰਵਰਿਸ਼ ਸ਼ੁਰੂ ਹੋਈ, ਮੁੱਢਲੀ ਵਿੱਦਿਆ ਮਿਰਜਾਪੁਰ ਜਿਲ੍ਹਾ ਸਿਰਸਾ ਵਿਖੇ ਹੋਈ ਛੇਵੀਂ ਜਮਾਤ ਤੋਂ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ’ਚ ਦਾਖਲ ਹੋਏ, ਪੜਾਈ ਚ ਹੁਸ਼ਿਆਰ ਵੇਖ ਕੇ ਮਾਸਟਰ ਨਿਹਾਲ ਸਿੰਘ ਜੀ ਨੇ ਛੇਵੀਂ ਦੀ ਬਜਾਏ ਇਸੇ ਸਾਲ ਅੱਠਵੀਂ ਜਮਾਤ ਦੇ ਪੇਪਰ ਦਵਾ ਦਿੱਤੇ ਅਤੇ ਗੁਰਮੁਖ ਸਿੰਘ ਪਾਸ ਹੋ ਮਾਸਟਰ ਜੀ ਦੀ ਦੀ ਪਰਖ ਤੇ ਖਰੇ ਉੱਤਰੇ। ਨੌਵੀਂ ਦਸਵੀਂ ਦੇ ਸਮੇਂ ਗੁਰਮੁਖ ਸਿੰਘ ਜੀ ਨੇ ਸੋਧ ਰੱਖਣੀ ਸ਼ੁਰੂ ਕਰ ਦਿੱਤੀ ਅਤੇ ਗੁਰੂ ਪਰਿਵਾਰ ਨਾਲ ਨੇੜਤਾ ਹੋ ਗਈ ਸ੍ਰੀ ਜੀਵਨ ਨਗਰ ਹੀ ਰਹਿਣ ਲੱਗ ਗਏ, ਦਸਵੀਂ ਪਾਸ ਕਰਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮ ਕਰ ਸ੍ਰੀ ਮਹਾਰਾਜ ਬੀਰ ਸਿੰਘ ਜੀ ਨਾਲ ਸੇਵਾ ਲਾ ਦਿੱਤੀ, ਪਹਿਲਾਂ ਨਾਮਧਾਰੀ ਸਟੱਡ ਫਾਰਮ ’ਚ ਰਿਕਾਰਡ ਰੱਖਣ, ਲਿਖਤੀ ਕੰਮ, ਚਿੱਠੀ ਪੱਤਰ ਕਰਨ ਲਈ ਇੰਗਲਿਸ਼ ਟਾਈਪ ਕਰਨੀ ਸਿੱਖੀ ਅਤੇ ਮਹਾਰਾਜ ਜੀ ਦੇ ਸਕੱਤਰ ਦੀ ਸੇਵਾ ਨਿਭਾਉਣ ਲੱਗ ਗਏ।

ਜਿਸ ਦੌਰਾਨ ਮਹਾਰਾਜ ਜੀ ਬੰਗਲੌਰ ਫਾਰਮ ਵਾਸਤੇ ਥਾਂ ਵੇਖਣ ਗਏ ਗੁਰਮੁਖ ਸਿੰਘ ਜੀ ਨਾਲ ਗਏ। ਨਾਲ-ਨਾਲ ਪੜਾਈ ਵੀ ਚਲਦੀ ਰਹੀ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਤੋਂ 1975 ਚ ਬੀ.ਏ. ਪੂਰੀ ਕੀਤੀ। ਰਹਿਬਰ ਤਖੱਲਸ ਪੈਣਾ ਗੁਰਮੁਖ ਸਿੰਘ ਜੀ ਦੇ ਲੀਡਰ ਸ਼ਿਪ ਗੁਣ ਦੀ ਹੀ ਦੇਣ ਸੀ, ਕਵੀ ਪ੍ਰੀਤਮ ਸਿੰਘ ਜੀ ਅਤੇ ਸ. ਤਰਨ ਸਿੰਘ ਵਹਿਮੀ ਜੀ ਦੇ ਸੰਚਾਲਨ ਚ ਨਾਮਧਾਰੀ ਸਾਹਿਤ ਸਭਾ ਚਲਦੀ ਸੀ, ਗੁਰਮੁਖ ਸਿੰਘ ਜੀ ਸਕੂਲ ਪੜ੍ਹਦੇ ਬੱਚਿਆਂ ਲਈ ਬਾਲ ਸਾਹਿਤ ਸਭਾ ਬਣਾ ਦਿੱਤੀ ਅਤੇ ਕਵੀ ਦਰਬਾਰਾਂ ਚ ਪਹਿਲਾਂ ਛੋਟੇ ਬੱਚੇ ਆਪਣੀਆਂ ਰਚਨਾਵਾਂ ਪੇਸ਼ ਕਰਦੇ, ਫਿਰ ਵਡੇ ਕਵੀ, ਜਿਸਦਾ ਪ੍ਰਬੰਧ ਗੁਰਮੁਖ ਸਿੰਘ ਕਰਦੇ, ਕਵੀ ਜੀ ਰਾਹੀਂ ਸਤਿਗੁਰੂ ਜੀ ਨੂੰ ਪਤਾ ਲਗਾ ਕਿ ਗੁਰਮੁਖ ਛੋਟੇ ਕਵੀ ਬੱਚਿਆਂ ਦਾ ਰਹਿਬਰ ਬਣਿਆ ਹੋਇਆ ਹੈ, ਗਲ ਤਾਂ ਹਾਸੇ ਖੇੜੇ ਚ ਹੋਈ ਸਤਿਗੁਰੂ ਜੀ ਨੇ ਗੁਰਮੁਖ ਸਿੰਘ ਨੂੰ ‘ਰਹਿਬਰ’ ਆਖਣਾ ਸ਼ੁਰੂ ਕਰ ਦਿੱਤਾ ਜਿਥੋਂ ਇਹਨਾਂ ਦਾ ਤਖੱਲਸ ‘ਰਹਿਬਰ’ ਪੈ ਗਿਆ ਅਤੇ ਇਹ ਗੁਰਮੁਖ ਸਿੰਘ ਰਹਿਬਰ ਕਰ ਕੇ ਜਾਣੇ ਜਾਣ ਲਗੇ। ਰਹਿਬਰ ਜੀ ਚਿਰ ਲਗਾ ਕੇ ਦਿੱਲੀ ਤੋਂ ਮੋਟਰ ਵਾਇੰਡਿੰਗ ਦਾ ਕੰਮ ਸਿੱਖ, ਪਿੰਡ ਆ ਕੇ ਮੋਟਰਾਂ ਦਾ ਕੰਮ ਕਰਨ ਲਗੇ, ਪਰ ਸਤਿਗੁਰੂ ਜੀ ਨੇ ਇਹਨਾਂ ਨੂੰ ਬੰਗਲੌਰ ਫਾਰਮ ਜਾਣ ਦਾ ਹੁਕਮ ਕਰ ਦਿੱਤਾ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੁਆਰਾ ਅੱਜ ਦੇ ਸਜਾਏ ਸਵਾਰੇ ਵਰਗਾਂ ਜਹੇ ਨਾਮਧਾਰੀ ਫਾਰਮ ਨੂੰ ਉਸ ਵਕਤ ਕਾਲੇ ਪਾਣੀ ਕਰਕੇ ਜਾਣਿਆ ਜਾਂਦਾ ਸੀ ਅਤੇ ਜਿਸ ਨੂੰ ਉੱਥੇ ਜਾਣ ਦਾ ਹੁਕਮ ਹੁੰਦਾ ਤਾਂ ਲੋਕ ਆਖਦੇ ਸਨ ਇਸ ਨੂੰ ਕਾਲੇ ਪਾਣੀ ਦੀ ਸਜ਼ਾ ਹੋ ਗਈ

ਹੈ ਪਰ ਗੁਰਮੁਖ ਸਿੰਘ ਰਹਿਬਰ ਨੇ ਸਤਿਗੁਰੂ ਜੀ ਦੇ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ। ਪਹਿਲਾ ਤਾਂ ਇਲੈਕਟ੍ਰੀਸ਼ੀਅਨ ਦੇ ਤੌਰ ਤੇ ਫਾਰਮ ਗਏ ਫੇਰ ਫਾਰਮ ਤੇ ਮੈਨੇਜਰ ਦੀ ਸੇਵਾ ਕੀਤੀ, ਰਹਿਬਰ ਜੀ ਦਸਦੇ ਹੁੰਦੇ ਸਨ, ਸ਼ੁਰੂਆਤੀ ਦੌਰ ਚ ਸਤਿਗੁਰੂ ਜੀ ਆਪ ਬੰਗਲੌਰ ਵਿਖੇ ਟਰੈਕਟਰ ਚਲਾ ਕੇ ਇਸਨੂੰ ਨਵੀਂ ਨੁਹਾਰ ਬਖਸ਼ਣ ਦੀ ਨੀਂਹ ਧਰੀ, ਹੱਥੀਂ ਸੇਵਾ ਕਰਨ ਦੀ ਜਾਚ ਸਿਖਾਈ ਭਾਂਡੇ ਮਾਂਜਣੇ ਅਤੇ ਵੱਡੇ ਛੋਟੇ ਦਾ, ਪੜ੍ਹੇ ਲਿਖੇ ਤੇ ਘੱਟ ਪੜ੍ਹੇ ਲਿਖੇ ਚ ਫਰਕ ਨਾ ਕਰਨਾ ਸਿਖਾਇਆ, ਸਤਿਗੁਰੂ ਜੀ ਪ੍ਰਬੰਕੀ ਕਾਰਜ ਵੀ ਕਰਾਉਣੇ ਤੇ ਖੇਤਾਂ ਚੋਂ ਕਾਂ ਉਡਾਉਣ ਲਈ ਵੀ ਹੁਕਮ ਹੋ ਜਾਣਾ, ਮਹਾਰਾਜ ਜੀ ਲਈ ਅਤੇ ਸਤਿਗੁਰੂ ਜੀ ਲਈ ਲੰਗਰ ਤਿਆਰ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਣਾ।

ਇੱਕ ਵਾਕਿਆ ਦਸਦੇ ਹੋਏ ਗੁਰਮੁਖ ਸਿੰਘ ਜੀ ਵਿਸਮਾਦ ਦੀ ਅਵਸਥਾ ਚ ਆ ਜਾਣਾ ਗੱਲ ਬੰਬਈ ਦੀ ਹੈ ਇਕ ਵਾਰ ਰਹਿਬਰ ਜੀ ਸਤਿਗੁਰੂ ਜੀ ਵਾਸਤੇ ਪਰਸ਼ਾਦਾ ਪਕਾਉਣਾ ਸੀ ਵੇਲਣਾ ਨਹੀਂ ਸੀ ਸੋਧ ਦਾ, ਰਹਿਬਰ ਜੀ ਤੋ ਪਰਸ਼ਾਦੇ ਵੇਲੇ ਨਾ ਜਾਣ ਸਤਿਗੁਰੂ ਜੀ ਆਪ ਪਰਸ਼ਾਦਾ ਬਣਾਉਣ ਲੱਗ ਪਏ ਤੇ ਗੁਰਮੁਖ ਸਿੰਘ ਨੂੰ ਪੁੱਛਦੇ ਨੇ ਤੂੰ ਕਿੰਨੇ ਪ੍ਰਸ਼ਾਦੇ ਛਕਣੇ ਨੇ, ਗੁਰਮੁਖ ਸਿੰਘ ਨੇ ਅਰਜ ਕੀਤੀ ਕਿ ਮੈਂ ਆਪ ਆਪਣੇ ਲਈ ਪ੍ਰਸ਼ਾਦੇ ਪਕਾ ਲਵਾਂਗਾ ਸਤਿਗੁਰੂ ਜੀ ਆਖਿਆ ਨਹੀਂ ਤੂੰ ਦੱਸ ਕਿੰਨੇ ਛਕਣੇ ਹਨ, ਤਾਂ ਫਿਰ ਸਤਿਗੁਰੂ ਜੀ ਨੇ ਪਹਿਲਾਂ ਪ੍ਰਸ਼ਾਦੇ ਗੁਰਮੁਖ ਸਿੰਘ ਵਾਸਤੇ ਫੇਰ ਆਪਣੇ ਵਾਸਤੇ ਬਣਾਏ। ਗੁਰਮੁਖ ਸਿੰਘ ਜੀ ਦਸਦੇ ਸਨ ਇਹ ਸਤਿਗੁਰੂ ਜੀ ਦਾ ਸਾਨੂੰ ਸਿਖਾਉਣ ਦਾ ਹੀ ਢੰਗ ਹੁੰਦਾ ਸੀ ਨਾਲ ਨਿਵਾਜਦੇ ਵੀ ਸਨ। ਬੰਗਲੌਰ ਦੀ ਸੇਵਾ ਤੋਂ ਬਾਅਦ ਨਾਮਧਾਰੀ ਹਾਕੀ ਟੀਮ ਦਾ ਮੈਨੇਜਰ ਬਣਾ ਦਿੱਤਾ ਗੁਰਮੁਖ ਸਿੰਘ ਰਹਿਬਰ ਦੱਸਿਆ ਕਰਦੇ ਸਨ ਕਿ ਜਿੱਤਾਂ ਤਾਂ ਸਤਿਗੁਰੂ ਜੀ ਨੇ ਆਪ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ ਬਸ ਸਾਨੂੰ ਜਿਹੜਾ ਹੁਕਮ ਹੁੰਦਾ ਸੀ ਸੋਧ ਮਰਿਆਦਾ ਰੱਖਣ ਦਾ ਅਤੇ ਨਾਮ ਸਿਮਰਨ ਪਾਠ ਕਰਨ ਦਾ ਅਸੀਂ ਉਹ ਪੂਰਾ ਕਰਦੇ ਰਹੇ। ਗੁਰਮੁਖ ਸਿੰਘ ਰਹਿਬਰ ਨੇ ਛੇ ਸਾਲ ਨਾਮਧਾਰੀ ਹਾਕੀ ਟੀਮ ਦੇ ਮੈਨੇਜਰ ਵਜੋਂ ਸੇਵਾ ਨਿਭਾਈ।

ਸੰਨ 1995, 25 ਦਸੰਬਰ ਵਾਲੇ ਦਿਨ ਬਟਾਲੇ ਸਮੇਲਨ ਦੌਰਾਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੰਚ ਤੋਂ ਅਨਾਊਂਸਮੈਂਟ ਕਰਵਾਈ ਗੁਰਮੁਖ ਸਿੰਘ ਰਹਿਬਰ ਵਿਦਿਅਕ ਜੱਥੇ ਦਾ ਪ੍ਰਧਾਨ ਅਤੇ ਜਗਤਾਰ ਸਿੰਘ ਗਾਜੀਆਬਾਦ ਅਤੇ ਜਗਤਾਰ ਸਿੰਘ ਲਾਈਲ, ਸਕੱਤਰ ਤੇ ਖਜਾਨਚੀ ਦੀ ਸੇਵਾ ਨਿਭਾਉਣਗੇ, ਰਹਿਬਰ ਜੀ ਦੱਸਿਆ ਕਰਦੇ ਸਨ ਕਿ ਅਨਾਉਂਸਮੈਂਟ ਸੁਣ ਕੇ ਮੈਂ ਇਕਦਮ ਹੈਰਾਨ ਹੋ ਗਿਆ ਉਦੋਂ ਤੱਕ ਗੁਰਮੁਖ ਸਿੰਘ ਰਹਿਬਰ ਜਗਤਾਰ ਸਿੰਘ ਭੱਟੀ ਨੂੰ ਬਿਲਕੁਲ ਵੀ ਨਹੀਂ ਜਾਣਦੇ ਸਨ ਅਤੇ ਜਗਤਾਰ ਸਿੰਘ ਭੱਟੀ ਦੀ ਦੋਵਾਂ ਨਾਲ ਕੋਈ ਜਾਣਕਾਰੀ ਨਹੀਂ ਸੀ, ਪਰ ਸਦਾ ਅਸਚਰਜ ਕਰਨ ਵਾਲੇ ਸਤਿਗੁਰੂ ਜੀ ਨੇ ਇਸ ਟੀਮ ਤੋਂ ਮਨ ਭਾਉਂਦੀ ਸੇਵਾ ਕਰਵਾਈ ਜਿਸ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਸਨ।

ਬੀਬੀਆਂ ਦੇ ਜਥੇ ਦੀ ਟੀਮ ਬੀਬੀ ਸੁਖਜੀਤ ਕੌਰ ਤੇ ਉਨਾਂ ਦੇ ਸਾਥੀ ਵੀ ਛੇ ਮਹੀਨੇ ਪਹਿਲਾਂ ਹੀ ਵਿਦਿਅਕ ਜਥੇ ਦੀ ਸੇਵਾ ਲਈ ਨਿਯੁਕਤ ਹੋਏ ਸਨ, ਸਾਰੀ ਟੀਮ ਚ ਪੂਰਾ ਸਮਾਂ ਇਕਜੁੱਟਤਾ ਅਤੇ ਤਾਲਮੇਲ ਬਣਿਆ ਰਿਹਾ ਕਿਸੇ ਫੈਸਲੇ ਤੇ ਕਿਸੇ ਨੂੰ ਕਿੰਤੂ ਪ੍ਰੰਤੂ ਨਾ ਹੋਣਾ, ਹਰ ਫੈਸਲਾ ਲਾਗੂ ਕਰਨ ਤੋਂ ਪਹਿਲਾਂ ਸਤਿਗੁਰੂ ਜੀ ਨੂੰ ਅਰਜ਼ ਕਰਨੀ ਪ੍ਰਵਾਨਗੀ ਲੈਣੀ। ਸਤਿਗੁਰੂ ਜੀ ਦੀ ਰਜ਼ਾ ਨੂੰ ਸਿਰਮੌਰ ਰੱਖਣਾ। ਰਹਿਬਰ ਜੀ ਦੀ ਅਗਵਾਈ 'ਚ ਵਿਦਿਅਕ ਜਥੇ ਦਾ ਵਿਸਥਾਰ ਹੋਇਆ, ਸਰਬ ਹਿੰਦ ਵਿਦਿਅਕ ਜਥਾ ਤੋ 'ਵਿਸ਼ਵ ਨਾਮਧਾਰੀ ਵਿਦਿਅਕ ਜਥਾ' ਬਣਿਆ ਅਤੇ ਇਸਨੂੰ ਰਜਿਸਟਰ ਕਰਵਾਇਆ ਗਿਆ। ਪਹਿਲਾ ਵੱਡੇ ਸ਼ਹਿਰਾਂ ਦੇ ਨਾਮ ਤੇ ਹੀ ਚੰਦ ਵਿਦਿਅਕ ਜੱਥੇ ਹੋਇਆ ਕਰਦੇ ਸਨ ਜਿਵੇਂ ਦਿੱਲੀ ਲੁਧਿਆਣਾ ਮੰਡੀ ਜਲੰਧਰ ਇਲਾਕਾ ਸ੍ਰੀ ਜੀਵਨ ਨਗਰ ਯਮਨਾ ਨਗਰ ਆਦਿਕ, ਰਹਿਬਰ ਜੀ ਨੇ ਪਿੰਡਾਂ ਪਿੰਡਾਂ ਚ ਸ਼ਹਿਰਾਂ ਦੇ ਛੋਟੇ-ਛੋਟੇ ਇਲਾਕਿਆਂ ਚ ਨਵੇਂ ਵਿਦਿਅਕ ਜਥੇ ਸਥਾਪਿਤ ਕਰ ਕਰੀਬ 65 ਜੱਥੇ ਬਣਾਏ, ਜਿੱਥੇ ਵੀ ਨਾਮਧਾਰੀ ਸੰਗਤ ਸੀ ਉਥੇ ਜੱਥੇ ਬਣਾਏ। ਸਾਰੇ ਜਥਿਆਂ ਦੇ ਅਹੁਦੇਦਾਰਾਂ ਦੀ ਹੋਲੇ ਅਤੇ ਅੱਸੂ ਦੇ ਮੇਲੇ ਤੇ ਵਿਸ਼ੇਸ਼ ਇਕੱਤਰਤਾ ਕਰਨੀ ਹਰ ਸੰਮੇਲਨ ਬਾਅਦ ਅਹੁਦੇਦਾਰਾਂ ਦੀ ਮੀਟਿੰਗ, ਚਿੱਠੀਆਂ ਰਾਹੀਂ ਹਰ ਜਥੇ ਨੂੰ ਪੂਰੇ ਸਾਲ ਦਾ ਟੀਚਾ ਦਿੱਤਾ ਜਾਂਦਾ (40 ਹਵਨ 40 ਵਰਨਿਆ ਸਧਾਰਨ ਪਾਠ ਆਦਿਕ) ਅਤੇ ਉਸਦੀ ਤਿਮਾਹੀ ਰਿਪੋਰਟ ਮੰਗੀ ਜਾਂਦੀ, ਅੱਜ ਵੀ ਉਹ ਚਿੱਠੀਆ ਉਸ ਸਮੇਂ ਨਾਮਧਾਰੀ ਨੌਜਵਾਨਾਂ ਚ ਭਰੇ ਜੋਸ਼ ਦੇ ਸਬੂਤ ਪੇਸ਼ ਕਰਦੀਆਂ ਹਨ। ਨਵੇਂ ਜ਼ੋਨ ਬਣਾ ਕੇ ਕਨਵੀਨਰ ਨਿਯੁਕਤ ਕੀਤੇ ਗਏ ਅਤੇ ਹਰ ਜ਼ੋਨ ਚ ਮਿੰਨੀ ਸਮੇਲਨ (ਜਿਸਦਾ ਬਾਅਦ ਚ ਸਤਿਗੁਰੂ ਉਦੇ ਸਿੰਘ ਜੀ ਨੇ ਨਾਮ ਗੁਰਮਤਿ ਸਿਖਲਾਈ ਸਮਾਗਮ ਕੀਤਾ) ਕਰਵਾਉਣ ਦੀ ਹਿਦਾਇਤ ਦਿੱਤੀ ਜਾਂਦੀ। ਵੱਡੇ ਮੇਲਿਆਂ 'ਚ ਵੱਡੀ ਗਿਣਤੀ ਚ ਨੌਜਵਾਨ ਵਿਦਿਅਕ ਜੱਥੇ ਦੇ ਬੈਜ ਲਗਾ ਕੇ ਪੰਡਾਲ ਲਗਾਉਣ ਅਤੇ ਸਜਾਉਣ ਦੀ ਪਹਿਰੇ ਦੀ ਪਾਰਕਿੰਗ ਦੀ ਹੋਰ ਸੇਵਾਵਾਂ ਕਰਦੇ

ਨਜ਼ਰ ਆਉਂਦੇ।

ਗੁਰਮੁਖ ਸਿੰਘ ਰਹਿਬਰ ਦੱਸਦੇ ਸਨ ਕਿ ਜਦੋਂ ਉਹਨਾਂ ਨੂੰ ਇਹ ਸੇਵਾ ਮਿਲੀ ਤੇ ਉਸ ਤੋਂ ਬਾਅਦ ਹੋਲਾ ਆਇਆ ਸਟੇਜ ਦੇ ਇੱਕ ਪਾਸੇ 50, 60 ਨੌਜਵਾਨ ਸਫਾਂ ਤੇ ਬੈਠੇ ਸਨ ਸਤਿਗੁਰੂ ਜੀ ਦੇ ਨਾਲ ਖਲੋਤੇ ਹੱਸਪਾਲ ਜੀ ਨੇ ਪੁੱਛਿਆ ਇਹ ਕਿਸ ਲਈ ਬੈਠੇ ਹਨ ਤਾਂ ਰਹਿਬਰ ਜੀ ਨੇ ਜਵਾਬ ਦਿੱਤਾ ਇਹ ਪੂਰੇ ਮੇਲੇ 'ਚ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਿਤੇ ਵੀ ਲੋੜ ਪੈਣ ਤੇ ਸੇਵਾ ਕਰਨ ਲਈ ਤਿਆਰ ਬਰ ਤਿਆਰ ਬੈਠੇ ਹਨ ਇਹ ਗੱਲ ਸੁਣ ਕੇ ਸਤਿਗੁਰੂ ਜੀ ਨੇ ਖੁਸ਼ੀਆਂ ਬਖਸ਼ੀਆਂ। ਰਹਿਬਰ ਜੀ ਨੇ ਨੌਜਵਾਨਾਂ ਨੂੰ ਸਟੇਜ ਤੇ ਲਿਆਉਣਾ ਸ਼ੁਰੂ ਕਰ ਦਿੱਤਾ ਛੋਟੇ-ਛੋਟੇ ਇਲਾਕਿਆਂ 'ਚੋਂ ਕਿੰਨੇ ਹੀ ਨੌਜਵਾਨ ਨਿਕਲ ਕੇ ਅੱਗੇ ਆਏ ਜਿਨਾਂ ਨੇ ਬਾਅਦ ਚੋਂ ਪੰਥ ਵਿੱਚ ਵੱਡੀਆਂ ਸੇਵਾਵਾਂ ਨਿਭਾਈਆਂ ਕਿੰਨੇ ਹੀ ਜਥੇਦਾਰ ਪ੍ਰਚਾਰਕ ਅਤੇ ਸੂਬੇ ਬਣੇ। ਹਰ ਸੰਮੇਲਨ ਤੋਂ ਪਹਿਲਾਂ ਰਹਿਬਰ ਜੀ ਸਾਰੇ ਇਲਾਕਿਆਂ ਚ ਜਾਇਆ ਕਰਦੇ ਸੰਗਤ ਨੂੰ ਪ੍ਰੇਰਦੇ ਤੇ ਜਿੰਨਾ ਇਲਾਕਿਆਂ ਚੋਂ ਕਦੇ ਵੀ ਕੋਈ ਸੰਮੇਲਨ ਵਿੱਚ ਹਿੱਸਾ ਨਹੀਂ ਲੈਂਦਾ ਸੀ ਉਥੋਂ ਵੀ ਨੌਜਵਾਨ ਸੰਮੇਲਨਾਂ 'ਚ ਜੁੜਨੇ ਸ਼ੁਰੂ ਹੋ ਗਏ। ਵਿੱਦਿਅਕ ਸੰਮੇਲਨ ਨੂੰ ਅਨੁਸ਼ਾਸਨ ਦੇ ਨਾਲ ਜੋੜ ਕੈਂਪ ਦਾ ਰੂਪ ਦਿੱਤਾ ਜਿਸ ਦੀ ਬਾਬਤ ਸਤਿਗੁਰੂ ਜੀ ਦੇ ਉਪਦੇਸ਼ 'ਚ ਵੀ ਸੁਣੀਦਾ ਹੈ ਕਿ ਗੁਰਮੁਖ ਸਿੰਘ ਨੇ ਜਿਹੜੀ ਇਹ ਸਖਤੀ ਕੀਤੀ ਹੈ ਉਹ ਇਸ ਤਰ੍ਹਾਂ ਹੈ ਜਿਵੇਂ ਛੋਟੇ-ਛੋਟੇ ਬੂਟਿਆਂ ਨੂੰ ਬਾਂਸ ਬੰਨ੍ਹ ਦਿੱਤੇ ਜਾਂਦੇ ਹਨ ਤਾਂ ਕਿ ਉਹ ਵੱਡੇ ਹੋ ਕੇ ਸਿੱਧੇ ਦਿਸਣ ਇਹ ਉਪਦੇਸ਼ ਰਹਿਬਰ ਜੀ ਦੀ ਕਰਨੀ ਲਈ ਸਤਿਗੁਰੂ ਜੀ ਦੀ ਨਿਵਾਜਿਸ਼ ਸੀ, ਕਿਉਂਕਿ ਰਹਿਬਰ ਜੀ ਸਦਾ ਆਖਦੇ ਸਨ ਤਾਕਤ ਪ੍ਰੇਰਨਾ ਅਤੇ ਬਖਸ਼ਿਸ਼ ਤਾਂ ਸਤਿਗੁਰੂ ਜੀ ਦੀ ਹੀ ਸੀ।

ਜਥੇ ਦੀਆਂ ਕਾਮਯਾਬੀਆਂ ਬਾਰੇ ਗੱਲ ਹੋਣੀ ਤਾਂ ਰਹਿਬਰ ਜੀ ਆਖਦੇ ਸਨ ਕਿ ਮੈਂ ਢੰਗ ਸਿਰ ਗੱਡੀ ਚਲਾਉਣ ਨਹੀਂ ਸੀ ਜਾਣਦਾ ਸਤਿਗੁਰੂ ਜੀ ਨੇ ਅਤੇ ਮਹਾਰਾਜ ਬੀਰ ਸਿੰਘ ਜੀ ਨੇ ਬਿੜਦੀ ਫਾਰਮ ਤੋਂ ਬੰਗਲੌਰ ਜਾਣਾ ਸੀ ਸਤਿਗੁਰੂ ਜੀ ਮੈਨੂੰ ਹੁਕਮ ਕੀਤਾ ਗੱਡੀ ਚਲਾਉਣ ਲਈ, ਮੈਂ ਅਰਜ ਕੀਤੀ ਕਿ ਮੈਨੂੰ ਤਾਂ ਹਜੇ ਢੰਗ ਨਾਲ ਚਲਾਉਣੀ ਨਹੀਂ ਆਉਂਦੀ ਸਤਿਗੁਰੂ ਜੀ ਹੁਕਮ ਕੀਤਾ ਤੂੰ ਚਲਾ ਤੇ ਮੈਂ ਗੱਡੀ ਚਲਾਉਣ ਲੱਗ ਪਿਆ ਸਤਿਗੁਰੂ ਜੀ ਮੇਰੇ ਨਾਲ ਦੀ ਸੀਟ ਤੇ ਬੈਠ ਗਏ ਤੇ ਆਪ ਕਿਰਪਾ ਕਰਕੇ ਮੇਰੇ ਤੋਂ ਗੱਡੀ ਚਲਵਾ ਲਈ ਅਤੇ ਬੰਗਲੌਰ ਪਹੁੰਚ ਕੇ ਬਚਨ ਕਰਦੇ ਨੇ ਤੂੰ ਤਾਂ ਬਣਿਆ ਬਣਾਇਆ ਡਰਾਈਵਰ ਹੈ, ਤਰ੍ਹਾਂ ਹੀ ਉਹ ਮੇਰੇ ਤੋਂ ਹਰ ਇਕ ਸੇਵਾ ਆਪ ਹੀ ਕਰਵਾ ਲੈਂਦੇ ਸਨ। ਇਹ ਉਹ ਸਮਾਂ ਸੀ ਜਦੋਂ ਬਹੁਤ ਸਾਰੇ ਨੌਜਵਾਨ ਨਾਮਧਾਰੀ ਪਹਿਰਾਵਾ ਪਾਉਣ ਲਈ, ਸਾਦੇ ਵਿਆਹ ਕਰਾਉਣ ਲਈ ਪ੍ਰਤਿਬਧ ਹੋਏ। ਚਿੱਟੀਆਂ ਦਸਤਾਰਾਂ ਦਾ ਤਾਂ ਪੂਰੇ ਸਮਾਜ ਦੇ ਵਿੱਚ ਚਲਨ ਹੋ ਗਿਆ। ਰਹਿਬਰ ਜੀ ਨੇ ਕਰੀਬ 5 ਸਾਲ ਪਹਿਲੀ ਟਰਮ ਚ ਇਹ ਸੇਵਾ ਨਿਭਾ ਕੇ ਵਿੱਦਿਅਕ ਜੱਥੇ ਨੂੰ ਨਵਾ ਰੂਪ ਦਿੱਤਾ। 'ਤੇਰਾ ਭਾਣਾ ਮੀਠਾ ਲਾਗੇ' ਦੇ ਅਨੁਸਾਰ ਵੀ ਗੁਰਮੁਖ ਸਿੰਘ ਰਹਿਬਰ ਅਤੇ ਉਹਨਾਂ ਦੀ ਧਰਮ ਪਤਨੀ ਬੀਬੀ ਚਰਣਜੀਤ ਕੌਰ ਜੋ ਕਿ ਨਾਮਧਾਰੀ ਪੰਥ ਦੀ ਵੱਡੀ ਹਸਤੀ ਸੰਤ ਪ੍ਰੀਤਮ ਸਿੰਘ ਪੱਧੀ ਵਾਲਿਆਂ ਦੀ ਲੜਕੀ ਸੀ, ਖਰੇ ਉਤਰੇ।

ਸੰਨ 1984 ਵਿੱਚ ਇਸ ਗੁਰਸਿੱਖ ਜੋੜੇ ਦਾ ਇਕਲੋਤਾ ਸਪੁੱਤਰ ਚੜਦੀ ਉਮਰ ਚ ਚੜ੍ਹਾਈ ਕਰ ਗਿਆ ਸਤਿਗੁਰੂ ਜੀ ਨੇ ਦੋ ਦਿਨ ਚ ਹੀ ਕਾਕੇ ਦਾ ਭੋਗ ਪਾਉਣ ਲਈ ਹੁਕਮ ਕੀਤਾ ਗੁਰਮੁਖ ਸਿੰਘ ਹੁਰਾਂ ਨੇ ਸੱਤ ਬਚਨ ਆਖਿਆ। ਭੋਗ ਤੋਂ ਬਾਅਦ ਸਤਿਗੁਰੂ ਜੀ ਨੇ ਘਰ ਦਰਸ਼ਨ ਦਿੱਤੇ ਉਹਨਾਂ ਦਿਨਾਂ ਚ ਇਹ ਪਰਵਾਰ ਲੁਧਿਆਣੇ ਆ ਚੁੱਕਿਆ ਸੀ ਸਤਿਗੁਰੂ ਜੀ ਕਾਫੀ ਚਿਰ ਘਰ ਰੁਕੇ ਅਤੇ ਜਾਣ ਲੱਗਿਆਂ ਬੀਬੀ ਜੀ ਨੂੰ ਆਖਿਆ ਕਿ ਮੈਂ ਗੁਰਮੁਖ ਸਿੰਘ ਰਹਿਬਰ ਨੂੰ ਦੌਰੇ ਤੇ ਨਾਲ ਲਿਜਾਣਾ ਹੈ ਬੀਬੀ ਜੀ ਨੇ ਸੱਤ ਬਚਨ ਆਖਿਆ ਕਿਸੇ ਪ੍ਰਕਾਰ ਦੀ ਵੀ ਕੋਈ ਵਿਯੋਗ ਵਾਲੀ ਅਵਸਥਾ ਨਾ ਵਿਖਾਈ ਸਤਿਗੁਰੂ ਜੀ ਨੇ ਖੁਸ਼ੀਆਂ ਬਖਸ਼ੀਆਂ ਘਰ ਵਿੱਚ ਫਿਰ ਭਾਗ ਲੱਗੇ ਪਹਿਲਾਂ ਸਪੁੱਤਰੀ ਮਨਪ੍ਰੀਤ ਕੌਰ ਦਾ ਜਨਮ ਹੋਇਆ ਉਸ ਤੋਂ ਬਾਅਦ ਇੱਕ ਲੜਕੇ ਦਾ ਜਨਮ ਹੋਇਆ ਜਦੋਂ ਗੁਰਮੁਖ ਸਿੰਘ ਰਹਿਬਰ ਇਹ ਅਰਜ਼ ਕਰਨ ਵਾਸਤੇ ਭੈਣੀ ਸਾਹਿਬ ਪਹੁੰਚੇ ਅਜੇ ਅਰਜ਼ ਕਰਨੀ ਸੀ ਸਤਿਗੁਰੂ ਜੀ ਹੁਕਮ ਕੀਤਾ ਮੈਂ ਤੇਰੇ ਲੜਕੇ ਦਾ ਨਾਮ ਗਿਆਨ ਸਿੰਘ ਰੱਖਿਆ ਹੈ। ਸੋਗ ਵਾਲੀ ਗੱਲ ਤਾਂ ਪਰਿਵਾਰ ਨੇ ਪਹਿਲਾਂ ਵੀ ਨਹੀਂ ਸੀ ਕੀਤੀ ਪਰ ਸਤਿਗੁਰੂ ਜੀ ਨੇ ਮੁੜ ਘਰ ਖੁਸ਼ੀਆਂ ਬਖਸ਼ੀਆਂ ਬੀਬੀ ਚਰਨਜੀਤ ਕੌਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਬ੍ਰਹਮਲੀਨ ਹੋਣ ਤੋਂ ਥੋੜੇ ਦਿਨ ਪਹਿਲਾਂ ਹੀ ਸਿੱਖੀ ਸਿਦਕ ਪੂਰਨ ਜੀਵਨ ਯਾਤਰਾ ਸੰਪੂਰਨ ਕਰ ਗਏ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰਗੱਦੀ ਤੇ ਜਦੋਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵਿਰਾਜਮਾਨ ਹੋਏ ਤਾਂ ਇੱਕ ਵਾਰ ਫਿਰ ਸਰਦਾਰ ਗੁਰਮੁਖ ਸਿੰਘ ਰਹਿਬਰ ਨੂੰ ਵਿਸ਼ਵ ਨਾਮਧਾਰੀ ਵਿੱਦਿਅਕ ਜਥੇ ਦੀ ਸੇਵਾ ਲਈ ਕੋਆਰਡੀਨੇਟਰ ਦੇ ਰੂਪ ਵਿੱਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਜਿੰਮੇਵਾਰੀ ਸੌਂਪੀ, ਵਿੱਦਿਅਕ ਜਥੇ ਦੀ ਕੇਂਦਰੀ ਕਮੇਟੀ ਨੂੰ ਨਵਾਂ ਰੂਪ

ਦਿੱਤਾ ਗਿਆ, ਸੁਖਵਿੰਦਰ ਸਿੰਘ ਲਾਇਲ, ਹਰਪਾਲ ਸਿੰਘ ਸੋਧੀ, ਗੁਰਮੀਤ ਸਿੰਘ ਚਾਨਾ, ਮੰਗਲਜੀਤ ਸਿੰਘ, ਗੁਰਦੇਵ ਸਿੰਘ ਚੀਮਾ ਅਤੇ ਹਰਪ੍ਰੀਤ ਸਿੰਘ ਮੰਡੀ ਨੂੰ ਵਿੱਦਿਅਕ ਜਥੇ ਦੇ ਕੇਂਦਰੀ ਸੇਵਾਦਾਰ ਨਿਯੁਕਤ ਕੀਤਾ। ਸ਼ਸ਼ੋਪਨ ਦੇ ਉਸ ਮਾਹੌਲ ਦੇ ਵਿੱਚ ਕਿੰਨੇ ਹੀ ਡੋਲਦੇ ਅਤੇ ਭਟਕਦਿਆਂ ਨੂੰ ਗੁਰਮੁਖ ਸਿੰਘ ਰਹਿਬਰ ਨੇ ਆਪਣੇ ਸਾਥੀਆਂ ਨਾਲ ਇਲਾਕਿਆਂ 'ਚ ਮਗਰ ਜਾ ਜਾ ਸਤਿਗੁਰੂ ਜੀ ਦੇ ਚਰਨੀ ਲਾਇਆ, ਰਹਿਬਰ ਜੀ ਦੇ ਨਾਲ ਕੰਮ ਕਰਦਿਆਂ ਇੱਕ ਚੀਜ਼ ਬੜੀ ਖਾਸ ਵੇਖਣ ਨੂੰ ਮਿਲੀ ਜਿਸ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਗੁਰਮੁਖ ਸਿੰਘ ਰਹਿਬਰ ਨੂੰ ਹਰ ਕੰਮ ਲਈ ਪੂਰਨ 'ਅਖਤਿਆਰ ਦਿੰਦੇ ਸਨ ਉਹਨਾਂ ਸਾਨੂੰ ਅਖਤਿਆਰ ਦੇਣੇ, ਸਾਡੇ ਤੋਂ ਕੰਮ ਕਰਵਾਉਣਾ ਤੇ ਸਾਡੇ ਤੋਂ ਹੀ ਅਰਜਾਂ ਕਰਵਾਣੀਆਂ ਕਦੇ ਆਪਣੇ ਆਪ ਨੂੰ ਮੁੱਖ ਨਹੀਂ ਰੱਖਿਆ ਵੱਡਿਆਂ ਹੁੰਦਿਆਂ ਹੋਇਆਂ ਵੀ ਵੱਡੇ ਹੋਣ ਦਾ ਅਹਿਸਾਸ ਨਹੀਂ ਕਰਵਾਇਆ। ਜਿਸ ਦੇ ਸਿੱਟੇ ਵਜੋਂ ਨਵੇਂ ਸਿਲੇਬਸ ਬਣੇ ਮੰਡੀ ਵਿਖੇ ਬੜਾ ਸਫਲ ਸੰਮੇਲਨ ਹੋਇਆ ਜਿਸ ਦੀ ਤਿਆਰੀ ਬਹੁਤ ਹੀ ਘੱਟ ਸਮੇਂ ਚ ਗੁਰਮੁਖ ਸਿੰਘ ਰਹਿਬਰ ਦੀ ਅਗਵਾਈ ਹੇਠ ਹੋਈ। ਸਤਿਗੁਰੂ ਉਦੇ ਸਿੰਘ ਜੀ ਦੇ ਨਾਲ ਸਤਿਗੁਰੂ ਜੀ ਦੇ ਪਲੇਠੇ ਐਮਪੀ ਯੂਪੀ ਅਤੇ ਹੋਰ ਇਲਾਕਿਆਂ ਦੇ ਦੌਰੇ ਕੀਤੇ।

2015 'ਚ ਥਾਈਲੈਂਡ ਅਤੇ ਉਸ ਤੋਂ ਬਾਅਦ ਆਸਟਰੇਲੀਆ ਗਏ। 2018 ਦਿੱਲੀ ਵਿਖੇ ਹੋਏ ਸੰਮੇਲਨ ਦੌਰਾਨ ਇੱਕ ਮੈਂਟੋਰ ਦੇ ਰੂਪ ਵਿੱਚ ਸ਼ਾਮਿਲ ਹੋਏ ਅਤੇ ਸਿਹਤ ਪੱਖੋਂ ਪੂਰੀ ਤਰ੍ਹਾਂ ਢਾਹ ਲੱਗਣ ਤੱਕ ਸੇਵਾ ਕਰਦੇ ਰਹੇ 2022 ਵਿੱਚ ਵੀ ਸੰਮੇਲਨ ਦੌਰਾਨ ਉਨਾਂ ਕੁਝ ਚਿਰ ਲਈ ਹਾਜ਼ਰੀ ਭਰੀ, ਅਤੇ ਮਿਤੀ:- 8 ਜਨਵਰੀ 2024 ਨੂੰ ਇਸ ਅਸਾਰ ਸੰਸਾਰ ਨੂੰ ਅਲਵਿਦਾ ਆਖ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ। ਸ. ਗੁਰਮੁਖ ਸਿੰਘ ਜੀ ਰਹਿਬਰ ਜਿਸ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਭ ਬਚਨੀ ਸਨ, ਉਸ ਤਰਾਂ ਹੀ ਸਤਿਗੁਰੂ ਉਦੇ ਸਿੰਘ ਜੀ ਨੂੰ ਆਪਣਾ ਇਸ਼ਟ ਮੰਨਿਆ, ਗੁਰਮੁਖ ਸਿੰਘ ਰਹਿਬਰ ਜੀ ਦਾ ਹਰ ਇਲਾਕੇ ਦੇ ਪ੍ਰਧਾਨਾਂ ਅਤੇ ਸੂਬੇ ਸਾਹਿਬਾਨਾਂ ਦੇ ਨਾਲ ਚੰਗਾ ਤਾਲਮੇਲ ਸੀ, ਲੁਧਿਆਣਾ ਨਿਵਾਸੀ ਹੋਣ ਦੇ ਨਾਤੇ ਸ਼ਹੀਦੀ ਸਮਾਰਕ ਤੇ ਹੋਣ ਵਾਲੇ ਮੇਲਿਆਂ ਚ ਰਹਿਬਰ ਜੀ ਦੀ ਖਾਸ ਭੂਮਿਕਾ ਰਹਿੰਦੀ। ਸੇਵਾ ਦੇ ਬਹੁਤ ਸਾਰੇ ਪੱਖ ਅਜੇ ਨਹੀਂ ਲਿਖੇ ਜਾ ਸਕੇ। ਸ. ਗੁਰਮੁਖ ਸਿੰਘ ਜੀ ਬਾਰੇ ਇੱਕ ਬੜੀ ਖਾਸ ਗੱਲ ਸੀ ਕਿ ਉਹ ਹਰ ਸੰਮੇਲਨ ਦੌਰਾਨ ਆਪਣੇ ਗਲ ਵਿੱਚ ਵੀ ਇੱਕ ਡੈਲੀਗੇਟ ਕਾਰਡ ਪਾਉਂਦੇ ਸਨ ਜਿਸ ਦਾ ਭਾਵ ਸਿਰਫ ਇਹ ਹੁੰਦਾ ਸੀ ਕਿ ਉਹ ਆਪਣੇ ਆਪ ਨੂੰ ਵੀ ਇੱਕ ਸਿੱਖਿਆਰਥੀ ਹੀ ਸਮਝਦੇ ਸਨ, ਇੱਕ ਚੰਗਾ ਸਿਖਿਆਰਥੀ ਹੀ ਇਕ ਚੰਗਾ ਅਧਿਆਪਕ ਹੋ ਸਕਦਾ ਹੈ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਵਕਾਲਤ ਦੀ ਪੜ੍ਹਾਈ ਛੱਡ ਕੇ ਸੇਵਾ ਵਿੱਚ ਜੁੱਟੇ ਰਹਿਬਰ ਜੀ ਨੇ ਆਪਣੇ ਜੀਵਨ ਵਿੱਚ ਬਹੁਤੀ ਧਨ ਸੰਪਦਾ ਤਾਂ ਨਹੀਂ ਜੋੜੀ ਹੋਵੇਗੀ ਪਰ ਉਹਨਾਂ ਨੇ ਸਤਿਗੁਰੂ ਦੀਆਂ ਬਖਸ਼ਿਸ਼ਾਂ ਦਾ ਧਨ ਜੋੜਿਆਂ ਉਹਨਾਂ ਨੂੰ ਯਾਦ ਕਰਨ ਵਾਲੇ ਪ੍ਰੇਮੀਆਂ ਦੇ ਮਨ ਜਿੱਤੇ ਹਨ।

ਹਮ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ॥
ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ॥

.......................................................

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ....

The population of the Namdharis in the last cencus is below 5 thousand. While roughly speaking of memeber of s. g. p. c. stands for about twelve thousands . So that the S.G.P.C. has been giving the Namdharis credit for a population for about 36 thousand ; that is more than 7 time their strength.


8. ਦੇਵਿੰਦਰ ਸਿੰਘ ਗਿੱਲ: ਨਾਨਕਾਣਾ ਸਾਹਿਬ ਦੇ ਮੋਰਚੇ ਵਿੱਚ ਸ਼ਹੀਦ ਹੋਏ ਨਾਮਧਾਰੀ ਸਿੰਘਾਂ ਦੀ ਗਾਥਾ, ਸਤਿਜੁਗ ਅਕਬਾਰ ਦਾ ਗੁਰਗਦੀ ਸ਼ਤਾਬਦੀ ਅੰਕ, 2006 ਈ.

9. ਸੁਖਜੀਤ ਕਹਾਣੀਕਾਰ: ਆਤੰਕ ਦੇ ਦਿਨਾਂ ਦੀ ਸਿਆਸਤ, ਰਿਸਾਲਾ ਫਿਲਹਾਲ, ਪੁਸਤਕ ਲੜੀ ਨੰ:9, ਪੰਨਾ 83.

10. ਸੰਤ ਤਰਨ ਸਿੰਘ ਵਹਿਮੀ: ਜਸ ਜੀਵਨ (ਹਿੱਸਾ ਪਹਿਲਾ), ਪੰਨਾ 9

11. ਸਮਸ਼ੇਰ ਸਿੰਘ ਅਸੋਕ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ 152, ਸੀਰੀਅਲ ਨੰਬਰ 103.

12. ਸਮਸ਼ੇਰ ਸਿੰਘ ਅਸੋਕ: ਓਹੀ ਪੰਨਾ 179


13. ਸਮਸ਼ੇਰ ਸਿੰਘ ਅਸੋਕ: ਓਹੀ, ਪੰਨਾ 238, ਸੀਰੀਅਲ ਨੰਬਰ 157

14. ਸਮਸ਼ੇਰ ਸਿੰਘ ਅਸੋਕ: ਓਹੀ, ਪੰਨਾ 421

15. ਪ੍ਰੋ. ਕਿਰਪਾਲ ਸਿੰਘ ਕਸੇਲ: ਤਵਾਰੀਖ ਸੰਤ ਖਾਲਸਾ (ਗੁਰ-ਇਤਿਹਾਸ) ਭਾਗ ਤੀਜਾ, ਪੰਨਾ 243-244


.......................................................

# ਬੀਤੇ ਦੀਆਂ ਪੈੜਾਂ



**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**ਹਰਿ ਪ੍ਰੀਤਮ ਦਾ ਸੁਨੇਹਾ –** ਰਾਤੀਂ 8 ਵਜੇ ਮੇਰੇ ਛੋਟੇ ਲੜਕੇ ਸੁਖਬੀਰ ਸਿੰਘ ਨੇ ਆ ਦੱਸਿਆ ਕਿ ਉਸਨੂੰ ਕੋਠੀ ਪੂਸਾ ਰੋਡ ਹੰਸਪਾਲ ਜੀ ਮਿਲੇ ਸਨ, ਉਨ੍ਹਾਂ ਸਤਿਗੁਰੂ ਜੀ ਦਾ ਸੰਦੇਸ਼ ਦਿਤਾ ਹੈ ਕਿ ਕਵੀ ਜੀ ਸੰਤ ਬਲਬੀਰ ਸਿੰਘ ਵਿਓਗੀ ਡੇਰਾ ਸੰਤਪੁਰਾ, ਮਾਡਲ ਟਾਊਨ ਦਿੱਲੀ (ਨਿਰਮਲੇ ਸੰਤ) ਨੂੰ ਨਾਲ ਲੈ ਕੇ ਪਰਸੋਂ ਭੋਗ ਪੈਣ ਸਮੇਂ ਠਾਕਰ ਸ਼ਮਸ਼ੇਰ ਸਿੰਘ ਜੀ ਦੇ ਘਰ ਆਉਣ।

ਮੇਰਾ ਪਹਿਲਾਂ ਨਿਸਚਿਤ ਪ੍ਰੋਗਰਾਮ 7-3-87 ਨੂੰ ਪਟਿਆਲੇ ਅਤੇ 13-3-87 ਨੂੰ ਗੱਦੋਂਡੋਬ ਜਾਣ ਲਈ ਜੀਵਨ ਨਗਰ ਪਹੁੰਚਣਾ ਹੈ ਪਰ ਮੈਂ ਸਾਰੇ ਪ੍ਰੋਗਰਾਮ ਰੱਦ ਕਰ ਦਿੱਤੇ। ਹੁਣ 8-3-87 ਨੂੰ ਗੁਰੂ ਕੇ ਦਰਸ਼ਨ ਕਰਾਂਗਾ। ਮੇਰੀ ਸ਼੍ਰੀਮਤੀ ਕੱਲ੍ਹ 16 ਦਿਨਾਂ ਵਾਸਤੇ ਪੰਜਾਬ ਫੇਰੀ ਵਾਸਤੇ ਨਿਕਲ ਪਏਗੀ-ਧੀਆਂ, ਭੈਣ ਤੇ ਪੇਕਿਆਂ ਨੂੰ ਮਿਲਣ।

**7 ਮਾਰਚ 1987, ਸ਼ਨੀਵਾਰ**
**ਨਵੀਂ ਦਿੱਲੀ**

ਸ਼੍ਰੀਮਤੀ ਨੂੰ ਪੰਜਾਬ ਲਈ ਬੱਸ ਚੜ੍ਹਾ ਕੇ, ਘਰ ਆ 9.15 ਵਜੇ ਕੋਠੀ ਪੂਸਾ ਰੋਡ ਫੋਨ ਕੀਤਾ। ਸੇਠ ਸਪੁੱਤਰ ਲਾਲ ਜੀ ਸੰਤੋਖ ਸਿੰਘ ਬੋਲਿਆ : ਆ ਰਹੇ ਹਨ ਸੱਚੇ ਪਾਤਸ਼ਾਹ ਅੱਜ ਸ਼ਾਮੀਂ 4 ਵਜੇ ਦੇ ਜਹਾਜ਼ ਤੇ ਅਤੇ ਮੈਂ 4.15 ਦੀ ਬੱਸ ਫੜ ਕੇ ਕੋਠੀ ਆ ਗਿਆ।

**ਅਵਤਾਰ ਸਿੰਘ ਅੰਮ੍ਰਿਤਸਰੀ –** ਅਵਤਾਰ ਸਿੰਘ ਦੇ ਕਮਰੇ ਵਿੱਚ ਗਿਆ। ਉਹ ਕੈਂਸਰ ਮਰੀਜ਼ ਸੁਖ ਨਿੰਦ੍ਰਾ ਲੇਟਿਆ ਹੋਇਆ ਸੀ। ਉਹਦੇ ਚਿਹਰੇ ਤੇ ਨੂਰ ਦੀ ਚਮਕ ਸੀ। ਹੋਠਾਂ ਤੇ ਵੀ ਆਕਰਸ਼ਕ ਰੌਣਕ ਸੀ। ਦੋਨੋਂ ਕੜਿੰਗੜੀ ਬੱਝੇ ਹੱਥ ਵੀ ਸਵਸਥ ਹੋ ਰਹੇ ਸਰੀਰ ਦੀ ਸੂਚਨਾ ਦੇ ਰਹੇ ਸਨ। ਕੋਲ ਬੈਠੀ ਅਵਤਾਰ ਪਤਨੀ ਹਰਦੀਪ, ਪਤੀ ਦੀ ਮੰਗਲ ਕਾਮਨਾ ਹਿਤ ਮਾਲਾ ਫੇਰ ਰਹੀ ਸੀ। ਦੋਹਾਂ ਦੀ ਸਪੁੱਤਰੀ ਦੀਪੀ ਸਹੁਰੇ ਪਿੰਡ ਜੰਮੂਓਂ ਆਈ ਆਪਣੇ ਬੱਚੇ ਵੱਲ ਗਹੁ ਤੇ ਮੋਹ ਭਰੀ ਨਜ਼ਰੇ ਤੱਕ ਰਹੀ ਸੀ। ਨਾਲ ਹੀ ਇੱਕ ਸੋਫੇ ਤੇ ਸ. ਜਸਵੰਤ ਸਿੰਘ ਕੱਲ੍ਹਾ ਸਮਾਧੀ ਲੀਨ ਲੇਟਿਆ ਹੋਇਆ ਸੀ।

ਅਵਤਾਰ ਸਿੰਘ ਦਾ ਭਾਈ ਸ. ਸੁਰਜੀਤ ਸਿੰਘ ਇਹਦੀ ਖਬਰ ਨੂੰ ਯੂ. ਕੇ. ਵਿੱਚੋਂ ਆਇਆ ਅੱਜ ਹੀ ਇੰਗਲੈਂਡ ਨੂੰ ਜਹਾਜ਼ੇ ਚੜ੍ਹਿਆ ਹੈ। ਮੈਨੂੰ ਮਿਲਣ ਦੀ ਇੱਛਾ ਰੱਖ ਦਾ ਸੀ ਪਰ ਸਾਡਾ ਮੇਲ ਨਹੀਂ ਹੋਇਆ। ਸ੍ਰੀ ਸਤਿਗੁਰੂ ਜੀ ਦਾ ਇਹ ਸਨੇਹੀ ਗੁਰੂ ਕੇ ਦਰਸ਼ਨ ਪਹਿਲੇ ਦਿਨਾਂ ਵਿੱਚ ਕਰ ਗਿਆ।

**ਸ. ਸੁੱਚਾ ਸਿੰਘ ਬਿਸਤਰ ਮਾਰਗ ਤੇ –** ਉੱਪਰੋਂ ਉੱਤਰ ਗਰਾਊਂਡ ਫਲੋਰ ਤੇ ਆਇਆ ਤਾਂ ਇੱਕ ਕਮਰੇ ਵਿੱਚ ਸ. ਸੁੱਚਾ ਸਿੰਘ ਸੋਖੀ ਬੇਸੁਰਤੀ ਜਿਹੀ ਅਵਸਥਾ ਵਿੱਚ ਇੱਕ ਮੰਜੇ ਤੇ ਪਿਆ ਡਿੱਠਾ। ਉਸਦਾ ਦਾਮਾਦ ਦਲਬੀਰ ਸਿੰਘ ਸਪੁੱਤਰ ਸ. ਪ੍ਰੀਤਮ ਸਿੰਘ ਬਾਲੀ ਨਗਰ ਸ. ਸੋਖੀ ਦੇ ਸਰੀਰ ਦੀ ਘੁੱਟ ਨੱਪ ਕਰ ਰਿਹਾ ਸੀ। ਸਰੀਰ ਬਹੁਤ ਨਿਰਬਲ ਹੈ। ਮੇਰੇ ਨਾਲ ਨਜ਼ਰਾਂ ਨਹੀਂ ਮੇਲ ਸਕਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ, ਦਿੱਲੀ ਵਿੱਚ ਗੁਰੂ ਕਾ ਨਿਵਾਸ ਏਸੇ ਦੇ ਘਰ 24 ਆਰਾਮ ਬਾਗ ਲੇਨ, ਪਹਾੜ ਗੰਜ ਵਿਖੇ ਹੋਇਆ ਕਰਦਾ ਸੀ। ਅੱਜ ਕੱਲ੍ਹ ਸਰਕਾਰੀ ਨੌਕਰੀ ਚੋਂ ਰੀਟਾਇਰਡ, 7 ਲੜਕੀਆਂ ਤੇ ਇੱਕ ਲੜਕੇ ਦਾ ਪਿਤਾ, ਸੇਠ ਤਰਲੋਕ ਸਿੰਘ ਦਾ, ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਉਨ੍ਹਾਂ ਦੀ ਲੜਕੀ ਲੈ ਕੇ ਕੁੜਮ ਬਣਿਆ

ਹੋਇਆ ਹੈ।

**ਦਰਸ਼ਨ ਰਮੇਸ਼ ਨਗਰ –** ਸੇਠ ਸੇਵਕ ਸਤਨਾਮ ਸਿੰਘ ਸੰਤ ਨਗਰ ਨੇ ਦੱਸਿਆ ਕਿ ਸੱਚੇ ਪਾਤਸ਼ਾਹ ਏਅਰ ਪੋਰਟੋਂ ਸਿੱਧੇ ਰਮੇਸ਼ ਨਗਰ ਧਰਮਸਾਲਾ ਪਧਾਰਨਗੇ, ਓਥੋਂ ਸ਼ਾਮੀ 7 ਵਜੇ ਹੀ ਕੋਠੀ ਆ ਕੇ ਦਰਸ਼ਨ ਦੇਣਗੇ। ਮੈਂ ਬੱਸ ਫੜੀ ਤੇ ਧਰਮਸਾਲਾ ਆ ਗਿਆ। ਏਥੇ ਸਾਧ ਸੰਗਤ ਸਿਮਰਨ ਮਗਨ ਸੀ। ਸ੍ਰੀ ਸਤਿਗੁਰੂ ਜੀ ਨੇ 6 ਵਜੇ ਦਰਸ਼ਨ ਦਿੱਤੇ, ਜਦੋਂ ਨਾਮ ਸਿਮਰਨ ਦੀ ਸਮਾਪਤੀ ਹੋ ਚੁੱਕੀ ਸੀ।

ਰਾਗੀ ਹਰਬੰਸ ਸਿੰਘ ਘੁੱਲਾ ਅਤੇ ਸੰਤ ਖਜ਼ਾਨ ਸਿੰਘ ਆਏ ਹੋਏ ਸਨ। ਪੰ. ਗੋਪਾਲ ਸਿੰਘ ਜੀ ਵੀ ਬੁਲਾਏ ਗਏ ਸਨ, ਕੱਲ੍ਹ ਠਾਕੁਰ ਸ਼ਮਸ਼ੇਰ ਸਿੰਘ ਜੀ ਦੇ ਮੇਲੇ ਵਾਸਤੇ। ਅੱਜ ਉਸਤਾਦ ਹਰਭਜਨ ਸਿੰਘ ਦੇ ਸਹਿਯੋਗ ਨਾਲ ਗੁਰੂ ਕੇ ਰਾਗੀਆਂ ਕੀਰਤਨ ਕੀਤਾ। ਸੰਕਰਾ ਮਸਤਕ ਬਸਤਾ..... ਤੁਕ ਪੜ੍ਹ ਕੇ ਸ੍ਰੀ ਸਤਿਗੁਰੂ ਜੀ ਨੇ ਆਪ ਰਾਗ ਦੀ ਜਾਣਕਾਰੀ ਦਿੱਤੀ ਕਿ ਰਾਗੀ ਸੰਕਰਾ ਬਿਹਾਗ ਗਾਉਣ ਲੱਗੇ ਹਨ।

ਸਤਿਗੁਰੂ ਜੀ ਮੈਨੂੰ ਦੱਸਿਆ ਕਿ ਆਪ ਕੀ ਵਲੋਂ ਸਿਰਜੀ ਬੰਦਸ਼ 'ਪਾਲ ਸਮੁਹਾ ਸਰਵਰ ਭਰਾ ਪੀ ਨ ਸਕੈ ਕੋਈ ਨੀਰ' ਦੀ ਮਿਸ਼ਰਾ ਬੰਧੂਆਂ-ਰਾਜਨ ਸਾਜਨ ਨੇ ਬੜੀ ਤਾਰੀਫ ਕੀਤੀ ਹੈ। ਮੈਨੂੰ ਸੱਚੇ ਪਾਤਸ਼ਾਹ ਜੀ ਨੇ ਗੱਦੋਂਡੋਬ ਵਾਲੇ ਕਾਰਜ ਬਾਰੇ ਪੁੱਛਿਆ, 'ਕੁਛ ਨ ਹੋ ਸਕਣ' ਬਾਰੇ ਸੁਣ ਹੋਲੇ ਤੋਂ ਪਿੱਛੋਂ ਮੁੜ ਜਾ ਕੇ ਕੋਸ਼ਿਸ਼ ਕਰਨ ਦੀ ਆਗਿਆ ਹੋਈ।

ਸ੍ਰੀ ਸਤਿਗੁਰੂ ਜੀ ਸਿਹਤ ਵੱਲੋਂ ਤੰਦਰੁਸਤ ਹਨ।

ਹੰਸਪਾਲ ਜੀ ਦੁਆਰਾ ਕੱਲ੍ਹ ਸਾਧ ਸੰਗਤ ਨੂੰ ਗ੍ਰੇਟਰ ਕੈਲਾਸ਼ ਦੀਵਾਨਾਂ ਵਿੱਚ ਸ਼ਾਮਲ ਹੋਣ ਬਾਰੇ ਸੂਚਿਤ ਕੀਤਾ ਗਿਆ। ਸਤਿਗੁਰੂ ਜੀ ਕੋਠੀ ਨੂੰ ਪ੍ਰਸਥਾਨ ਕਰ ਗਏ।

**8 ਮਾਰਚ 1987, ਐਤਵਾਰ**
**ਨਵੀਂ ਦਿੱਲੀ**

**ਠਾਕਰ ਸ਼ਮਸ਼ੇਰ ਸਿੰਘ ਜੀ ਨਮਿਤ ਮੇਲਾ**-78 ਗ੍ਰੇਟਰ ਕੈਲਾਸ਼ ਵਿਖੇ ਅੰਮ੍ਰਿਤ ਵੇਲੇ ਤੋਂ ਆਸਾ ਦੀ ਵਾਰ ਗੁਰੂ ਕੀ ਹਜ਼ੂਰੀ ਵਿੱਚ ਹਜ਼ੂਰੀ ਕੀਰਤਨਕਾਰਾਂ ਵਲੋਂ ਗਾਈ ਗਈ। ਬਹੁਤ ਸਾਰੀ ਸੰਗਤ ਇਕੱਤਰ ਹੋਈ 11 ਵਜੇ ਤੋਂ ਜਥੇਦਾਰ ਗੁਰਦੀਪ ਸਿੰਘ, 12.00 ਦੁਪਹਿਰੇ ਜਥੇਦਾਰ ਸੇਵਾ ਸਿੰਘ ਦਿੱਲੀ, ਉਪਰੰਤ 1.30 ਵਜੇ ਪੰ. ਗੋਪਾਲ ਸਿੰਘ ਜੀ ਦੇ ਹੱਲੇ ਦੇ ਦੀਵਾਨਾਂ ਨੇ ਠਾਕੁਰ ਜੀ ਦੇ ਵਿਚਾਰਾਂ ਨਾਲ ਸੰਬੰਧਤ ਸਰੋਤਿਆਂ ਨੂੰ ਕੀਲੀ ਰੱਖਿਆ।

ਮੈਂ ਸ. ਜਗਦੀਸ਼ ਸਿੰਘ 'ਵਰਿਆਮ' ਜਲੰਧਰ ਨਾਲ ਨਾਮ ਸਿਮਰਨ ਸਮੇਂ ਠਾਕਰ ਜੀ ਦੀ ਯਾਦ ਵਿੱਚ ਬੈਠਣਾ ਸੀ ਪਰ ਡਾ. ਅਮਰ ਭਾਰਤੀ ਨੂੰ ਇਸ ਸਮੇਂ ਦਾ ਲਾਭ ਅਤੇ ਸੰਗਤ ਲੈਣ ਹਿਤ ਮੈਂ ਦੋਹਾਂ ਮਿੱਤਰਾਂ ਨੂੰ ਜੋੜ ਕੇ ਤੋਰ ਦਿੱਤਾ। ਆਪ ਉਸਤਾਦ ਹਰਭਜਨ ਸਿੰਘ ਨੂੰ ਫੋਨ ਕਰ ਦਿੱਤਾ। ਅਤੇ ਸਰੋਦ ਪਰਿਵਾਰ ਨੂੰ ਨਾਲ ਲੈ 12.45 ਵਜੇ ਤੱਕ ਗੁਰੂ ਕੇ ਚਰਨਾਂ ਦੀ ਹਾਜ਼ਰੀ ਜਾ ਭਰੀ।

ਘਰ ਦੇ ਸਾਹਮਣੇ ਲੰਮੇ ਪਾਰਕ ਵਿੱਚ ਬਣੇ ਸਾਦਾ, ਸੁੰਦਰ ਤੇ ਵਿਸ਼ਾਲ ਪੰਡਾਲ ਵਿੱਚ ਸਾਰੇ ਪ੍ਰੋਗਰਾਮਾਂ ਦਾ ਆਯੋਜਨ ਸੀ।

ਮਾਤਾ ਚੰਦ ਕੌਰ ਜੀ, ਇਹਨਾਂ ਦਾ ਦਾਮਾਦ ਸੰਤ ਜਗਤਾਰ ਸਿੰਘ ਜੀ, ਦੁਹਤਾ ਜੈ ਸਿੰਘ, ਪੰਡਾਲ ਵਿੱਚ ਆਹਮੋ ਸਾਹਮਣੇ ਵੱਡੇ ਬੈਂਚਾਂ ਦੇ ਮੰਚ ਉੱਤੇ ਸ੍ਰੀ ਸਤਿਗੁਰੂ ਜੀ ਨਾਲ, ਹੋਰ ਸਤਿਕਾਰੇ ਵਿਅਕਤੀਆਂ ਵਿੱਚ ਬੈਠੇ ਸਨ। ਵਿਸ਼ੇਸ਼ ਸਨ- ਸ੍ਰੀ ਮਹਾਰਾਜ ਜੀ, ਬੇਬੇ ਜੀ, ਬੀਬਾ ਜੀ, ਬੀਬੀ ਗੁਰਮੀਤ ਕੌਰ ਹੀ ਅਤੇ ਠਾਕਰ ਜੀ ਪਰਵਾਰ ਨਾਲ ਸੰਬੰਧਤ ਹੋਰ ਵਿਅਕਤੀ। ਵਲਭ ਵਿਸ਼ੇਸ਼ਰ ਸਿੰਘ ਜੀ ਠਾਕੁਰ ਉਦੇ ਸਿੰਘ ਜੀ, ਸ. ਅਨੂਪ ਸਿੰਘ ਰੀਟਾਇਰਡ ਐਸ. ਪੀ., ਸ. ਗੁਰਚਰਨ ਸਿੰਘ ਡੀ. ਆਈ. ਜੀ. ਪੀ., ਸ. ਮਹਿੰਦਰ ਸਿੰਘ ਬੱਲ, ਸ. ਭਾਗ ਸਿੰਘ ਬੱਲ. ਰੀਟਾਇਰਡ ਜਨਰਲ ਥਾਈਲੈਂਡ ਤੋਂ ਗਿਆਨੀ ਹਰਬੰਸ ਸਿੰਘ, ਸੇਠ ਬਿਜਿੰਦਰ ਸਿੰਘ, ਸੇਠ ਅਜੀਤ ਸਿੰਘ, ਉਸਤਾਦ ਅਮਜਦ ਅਲੀ ਖਾਨ, ਡਾ. ਮੁਸ਼ੱਰਫ ਅਲੀ ਮੂਸਾ, ਸ. ਤਾਰਾ ਸਿੰਘ ਕਾਮਲ ਐਡੀਟਰ... ਕੇਂਦਰੀ ਮੰਤਰੀ ਸ. ਗੁਰਦਿਆਲ ਸਿੰਘ ਢਿੱਲੋਂ ਆਦਿ ਹੋਰ ਵਿਸ਼ੇਸ਼।

ਸਕੱਤਰ ਤਰਸੇਮ ਸਿੰਘ ਨੇ ਸ. ਵਰਿਆਮ ਦੁਆਰਾ ਜਲੰਧਰ ਦੇ ਸਾਰੇ ਅਖਬਾਰਾਂ ਵਿੱਚ ਅੱਜ ਦੇ ਸਮਾਗਮ ਦੀ ਸੂਚਨਾ ਪਰਸਾਰੀ ਹੋਈ ਸੀ। ਚਿੱਠੀ ਪੱਤਰ ਦੁਆਰਾ ਵੀ ਸੱਦਾ ਘੱਲਿਆ ਗਿਆ ਸੀ। ਜੀਵਨ ਨਗਰ ਇਲਾਕੇ ਵਿੱਚੋਂ ਸ. ਹਰਮੀਤ ਸਿੰਘ

ਚੇਅਰਮੈਨ ਐਲਨਾਬਾਦ ਕੋ-ਅਪ ਸੁਸਾਇਟੀ, ਨੰਬਰਦਾਰ ਅਮਰ ਸਿੰਘ ਜੀਵਨ ਨਗਰ, ਸ. ਜਗਤਾਰ ਸਿੰਘ ਸਰਪੰਚ, ਸ. ਗੁਰਦੇਵ ਸਿੰਘ ਨੰਬਰਦਾਰ, ਸੰਤ ਸਤਨਾਮ ਸਿੰਘ ਮੁਕਤਾ, ਸ. ਅਵਤਾਰ ਸਿੰਘ ਘੁੰਮਣ ਆਦਿ ਹੋਰ ਅਨੇਕਾਂ ਵਿਅਕਤੀ।

ਮੰਚ ਦੇ ਇੱਕ ਪਾਸੇ ਬੀਬੀਆਂ ਦੂਜੇ ਪਾਸੇ ਪੁਰਸ਼ ਸੰਗਤ ਸਿਮਰਨ ਮਗਨ ਸੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਟੇਪ ਭਾਸ਼ਣ ਕੰਨਾਂ ਵਿੱਚ ਉੱਤਰ ਰਿਹਾ ਸੀ। ਸ਼੍ਰੀ ਵਿਸ਼ੇਸ਼ਰ ਸਿੰਘ ਜੀ ਦੀ ਸੁਪਤਨੀ ਬੀਬੀ ਬਲਜੀਤ, ਬੀਬੀ ਜਸਮੀਤ ਅਤੇ ਹੋਰ ਸੰਬੰਧਤ ਇਸਤਰੀਆਂ ਆਇਆਂ ਦਾ ਸੁਆਗਤ ਕਰ ਰਹੀਆਂ ਸਨ। ਜੋੜਿਆਂ ਦੀ ਸੇਵਾ ਸੰਭਾਲ ਸੰਤ ਤਰਲੋਕ ਸਿੰਘ-ਵਿਰਸਾ ਸਿੰਘ ਹੁਰਾਂ ਦਾ ਜਥਾ ਕਰ ਰਿਹਾ ਸੀ।

2.30 ਵਜੇ ਨਾਮ ਸਿਮਰਨ ਦੀ ਸਮਾਪਤੀ ਹੋ, ਕੀਰਤਨ ਆਰੰਭ ਹੋ ਗਿਆ। ਕੀਰਤਨਕਾਰਾਂ ਵਿੱਚ ਨਾਮਧਾਰੀ ਕਲਾਕਾਰ ਤੇ ਗੁਰੂ ਕੇ ਰਾਗੀਆਂ ਦਾ ਜੁੱਟ ਸੀ। ਉਸਤਾਦ ਹਰਭਜਨ ਸਿੰਘ ਦੀ ਹਰਮੋਨੀਅਮ ਨਾਲ ਅਗਵਾਈ ਸੀ। ਸ਼ਬਦ ਸਨ :

-ਗੋਬਿੰਦ ਕੇ ਗੁਣ ਗਾਓ, ਸਾਧੋ ਰੇ..........

-ਬੀਤ ਜੈਹੈ ਬੀਤ ਜੈ ਹੈ ਜਨਮੁ ਅਕਾਜ ਰੇ......

ਸਤਿਗੁਰੂ ਜੀ ਦੇ ਭੈ ਅਤੇ ਪਿਆਰ ਵਿੱਚ ਦਿੱਲੀ ਦੇ ਸਾਰੇ ਇਲਾਕਿਆਂ ਵਿੱਚੋਂ ਸੰਗਤ ਆਈ ਹੋਈ ਸੀ। ਸ਼ਾਂਤ ਭਰਿਆ ਵਾਰਾਵਰਣ ਸੀ। ਠਾਕੁਰ ਸ਼ਮਸ਼ੇਰ ਸਿੰਘ ਜੀ ਨੂੰ ਹਾਰਦਿਕ ਸ਼ਰਧਾਂਜਲੀ ਦਾ ਮਾਹੌਲ ਸੀ। ਵੀਡੀਓ ਕੈਸੇਟ ਦੁਆਰਾ ਸਾਰੇ ਦ੍ਰਿਸ਼ ਨੂੰ ਸੰਭਾਲਣ ਦਾ ਯਤਨ ਕੀਤਾ ਗਿਆ।

**ਸ਼ਰਧਾਂਜਲੀਆਂ –** 3 ਵਜੇ ਕੀਰਤਨ ਦਾ ਭੋਗ ਪਿਆ ਤਾਂ ਮੇਰੇ ਦੁਆਰਾ ਮੰਚ ਸੰਚਾਲਣ ਨਾਲ ਪਹਿਲੀ ਸ਼ਰਧਾਂਜਲੀ ਹੋਈ। ਮੈਂ ਠਾਕਰ ਜੀ ਦੀ ਨਿੱਜੀ ਉੱਚਤਾ ਸੁੱਚਤਾ ਬਾਰੇ ਪੰਜ ਮਿੰਟ ਤਕਰੀਰ ਕੀਤੀ। ਉਪਰੰਤ ਸ. ਜਗਦੀਸ਼ ਸਿੰਘ ਸੰਪਾਦਕ 'ਵਰਿਆਮ' ਨੇ ਨਾਮਧਾਰੀ ਤਹਿਰੀਕ ਵਿੱਚ ਉਨ੍ਹਾਂ ਦੇ ਸਥਾਨ ਦਾ ਜ਼ਿਕਰ ਕੀਤਾ ਅਤੇ ਫੇਰ ਸ, ਹਰਵਿੰਦਰ ਸਿੰਘ ਹੰਸਪਾਲ ਜੀ ਨੇ ਅੱਖੀਂ ਡਿੱਠੇ ਉਹ ਪਲ ਬਿਆਨ ਕੀਤੇ, ਜਿਨ੍ਹਾਂ ਵਿੱਚ ਤੇ ਜਿਵੇਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇ ਕੇ ਠਾਕਰ ਜੀ ਦੇ ਸਰੀਰ ਨੂੰ ਵਿਧੀਵਤ ਸੰਸਾਰਕ ਵਿਦਾਇਗੀ ਦਿੱਤੀ। ਇਸ ਤੋਂ ਪਿੱਛੋਂ ਸ. ਗੁਰਦਿਆਲ ਸਿੰਘ ਢਿੱਲੋਂ ਕੇਂਦਰੀ ਖੇਤੀਬਾੜੀ ਮੰਤਰੀ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ, ਸਾਰਿਆਂ ਹੀ ਏਸ ਰਾਹੋਂ ਲੰਘਣਾ ਹੈ ਪਰ ਉਹ ਆਪਣਾ ਸਫਰ ਬੜਾ ਸੱਚਾ ਸੁੱਚਾ ਕਰ ਗਏ।

ਉਪਰੰਤ 3.36 ਵਜੇ ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕੀਤੀ : ਠਾਕਰ ਸ਼ਮਸ਼ੇਰ ਸਿੰਘ ਜੀ, ਵਲੋ ਜੀ, ਮਹਾਰਾਜ ਜੀ, ਮੋਹਣ ਅਤੇ ਮੈਂ ਦਿੱਲੀ ਜਾ ਕੇ ਕਈ ਕਈ ਦਿਨ ਇਕੱਠੇ ਰਹਿਣਾ। ਕਦੇ ਕਦੇ ਮਹਾਰਾਜ ਨਿਹਾਲ ਸਿੰਘ ਜੀ ਨੇ ਕਿਰਪਾ ਕਰਨੀ, ਸੱਚੇ ਪਾਤਸ਼ਾਹ ਜੀ ਤੋਂ ਆਗਿਆ ਲੈ ਕੇ ਸਾਨੂੰ ਸੈਰ ਸਪਾਟਾ ਕਰਵਾ ਲਿਆਉਂਦੇ। ਠਾਕਰ ਸ਼ਮਸ਼ੇਰ ਸਿੰਘ ਜੀ ਨੇ ਤਿਹਾਈ (ਮੇਰੇ ਖਿਆਲ ਵਿੱਚ ਇਸ ਦਾ ਅਰਥ ਹੈ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜੋਤੀ ਜੋਤ ਸਮਾਣਾ, ਮਹਾਰਾਜ ਨਿਹਾਲ ਸਿੰਘ ਜੀ ਦਾ ਗੁਜ਼ਰਨਾ ਅਤੇ ਹੁਣ ਠਾਕਰ ਜੀ ਦਾ ਸੁਰਗ ਸਿਧਾਣਾ-ਲੇਖਕ) ਵੀ ਪੰ. ਕਿਸ਼ਨਾ ਰਾਉ ਵਾਂਗ ਅਚਾਨਕ ਲਗਾ ਦਿੱਤੀ ਹੈ ਅਤੇ ਉਹ ਦੁਨੀਆਂ ਚੋਂ ਚੁੱਪ ਕਰਕੇ ਚਲੇ ਵੀ ਅਪੋਛਲੇ ਗਏ ਹਨ। ਸਤਿਗੁਰੂ ਕਿਰਪਾ ਕਰੇ ਅਸੀਂ ਵੀ ਇਹਨਾਂ ਵਾਂਗ ਸੁਰਖਰੂ ਜੀਵਨ ਜੀ ਜਾਈਏ।

23-24 ਫਰਵਰੀ ਦੇ ਹਿੰਦੁਸਤਾਨ ਟਾਈਮਜ਼ ਵਿੱਚ ਐਸੇ ਲੇਖ ਛਪੇ ਹਨ ਜਿਨ੍ਹਾਂ ਤੋਂ ਅਗਲੇ ਜੀਵਨ-ਪੁਨਰ ਜੀਵਨ- ਦਾ ਪਤਾ ਥਹੁ ਲੱਗਦਾ ਹੈ। ਭਗਵਾਨ ਕ੍ਰਿਸ਼ਨ ਨੇ ਵੀ ਇੱਕ ਵਾਰ ਆਪਣਾ ਪੋਤਰਾ ਦੂਜੀ ਦੁਨੀਆਂ ਵਿੱਚੋਂ ਲੈ ਆਂਦਾ ਸੀ......

ਮੇਰੀ ਗੱਲ ਏਨੀ ਹੈ ਕਿ ਧਰਮ ਨੂੰ ਸ. ਬਲਬੀਰ ਸਿੰਘ ਦਾ ਲੇਖ ਪੜ੍ਹ ਕੇ ਹੀ ਮੰਨ ਲਓ।

ਸਾਡੀ ਭਾਰਤ ਸਰਕਾਰ ਦੇ ਮਨਿਸਟਰ ਮਿੱਤਰ ਪਿਆਰੇ ਸ. ਗੁਰਦਿਆਲ ਸਿੰਘ ਢਿੱਲੋਂ ਅਤੇ ਸ. ਬੂਟਾ ਸਿੰਘ ਜੀ ਏਥੇ ਆਏ ਹਨ। ਡ. ਦਿਨੇਸ਼, ਡਾ. ਵਲੀ. ਜੁ ਮੈਡੀਕਲ ਇੰਸਟੀਚਿਊਟ ਵਿੱਚ ਵੱਡੀ ਪਦਵੀ ਤੇ ਹਨ, ਡਾ. ਸਿਦੱਕੀ ਵੀ ਆਏ ਹੋਏ ਹਨ ਅਤੇ ਹੋਰ ਮਿੱਤਰ ਉਸਤਾਦ ਅਮਜਦ ਅਲੀ ਸਰੋਦ-ਉੱਤਮ ਜੁ ਸਾਰੀ ਦੁਨੀਆਂ ਵਿੱਚ ਮੰਨੇ ਜਾਂਦੇ ਹਨ ਉਹ ਵੀ ਏਥੇ ਪਹੁੰਚੇ ਹਨ, ਸ. ਤਾਰਾ ਸਿੰਘ ਬੱਲ ਰੀਟਾਇਰਡ ਜਨਰਲ ਵੀ ਆਏ ਹਨ ਅਤੇ ਜਦੋਂ ਸ੍ਰੀ ਸਤਿਗੁਰੂ ਜੀ ਦੇ ਸ਼ਬਦ ਫ਼ਿਜ਼ਾ ਤੇ ਪ੍ਰਭਾਵਤ ਹੋ ਗਏ, 3.50 ਤੇ, ਇੱਕ ਮਿੰਟ ਵਿੱਚ ਹੀ ਆਦਿ ਗ੍ਰੰਥ ਸਾਹਿਬ ਜੀ ਦੀ ਬੀੜ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਲੈ ਆ ਕੇ ਭੋਗ ਦੇ ਸਲੋਕ ਪੜ੍ਹੇ ਜਾਣ ਲੱਗੇ। ਸ. ਬੂਟਾ ਸਿੰਘ ਪਹਿਲਾਂ ਮੰਚ ਉੱਪਰ ਸਨ, ਇਸ ਸਮੇਂ ਉਸਤਾਦ ਅਮਜਦ ਅਲੀ ਜੀ ਕੋਲ ਆ ਬੈਠੇ। ਸ੍ਰੀ ਸਤਗਿਰੂ ਜੀ ਦੇ ਬਨਚਾਮ੍ਰਿਤ ਸਮੇਂ ਹੀ ਸ. ਬੂਟਾ ਸਿੰਘ ਨੂੰ ਸ. ਸੁਲੱਖਣ ਸਿੰਘ ਮੀਟਰੋ ਪਾਲੀਟਨ ਕੌਂਸਲਰ ਨਾਲ ਲੈ ਕੇ ਦੀਵਾਨ ਵਿੱਚ ਆਇਆ ਸੀ। ਢਿੱਲੋਂ ਸਾਹਿਬ ਪਹਿਲਾਂ ਹੀ ਆਏ ਏਥੇ ਬੈਠੇ ਸਨ, ਮੰਚ ਉੱਤੇ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ

**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ 'ਚੋਂ)**



**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਸਤਿਗੁਰੂ ਜੀ ਨੇ ਬਚਨ ਕੀਤਾ ਬਾਬੇ ਹੋਰੀਂ ਇਉਂ ਬਚਨ ਸਮਝ ਜਾਂਦੇ ਹਨ ਜਿਵੇਂ ਗੁਰੂ ਨਾਨਕ ਜੀ ਦਾ ਬਚਨ ਭਾਈ ਲਹਿਣਾ (ਬਾਅਦ ਵਿਚ ਗੁਰੂ ਅੰਗਦ ਦੇਵ) ਸਮਝਦਾ ਸੀ। ਬੇਮੁਖ ਸਿੱਖਾਂ ਬਾਰੇ ਬਾਣੀ ਵਿਚ ਲਿਖਿਆ ਹੈ ਕਿ ਜਦੋਂ ਸਤਿਗੁਰੂ ਕੋਈ ਬਚਨ ਮੰਨਣ ਲਈ ਆਖਣ, ਉਹ ਪਿਛਾਂਹ ਹੋ ਕੇ ਸੰਗਤ ਵਿਚ ਲੁਕ ਜਾਂਦੇ ਹਨ। ਸਨਮੁੱਖ ਸਿੱਖ ਉਹ ਹਨ ਜਿਹੜੇ ਲਗਾਤਾਰ, ਜਿਵੇਂ ਚਕਵੀ ਚੰਨ ਨੂੰ ਵਿਹੰਦੀ ਏ, ਇਸ ਤਰ੍ਹਾਂ ਗੁਰੂ ਜੀ ਦੇ ਮੁੱਖੜੇ ਨੂੰ ਨਿਹਾਰਦੇ ਰਹਿੰਦੇ ਹਨ ਕਿ ਕਦੋਂ ਪਵਿੱਤਰ ਰਸਨਾ ਤੋਂ ਕੋਈ ਹੁਕਮ ਹੋਵੇ ਤੇ ਅਸੀਂ ਮੰਨੀਏ। ਇਹ ਬਾਬਾ ਵੀਰ ਸਿੰਘ ਜੀ ਐਸੇ ਸਨਮੁਖ ਸਿੱਖਾਂ ਦੀ ਸ਼੍ਰੇਣੀ ਵਿਚ ਆਉਂਦੇ ਸਨ। ਚਾਰ ਗੁਣ ਬਾਬਾ ਜੀ ਵਿਚ ਸਨ। ਸੇਵਾ ਕਰਨੀ, ਭਜਨ ਕਰਨਾ, ਬਾਣੀ ਪੜ੍ਹਨੀ ਅਤੇ ਸਤਿਗੁਰੂ ਦਾ ਹੁਕਮ ਮੰਨਣਾ। ਹੁਣ ਤਾਂ ਸੱਚੇ ਪਾਤਸ਼ਾਹ ਗੱਦੀ 'ਤੇ ਬਿਰਾਜਮਾਨ ਸਨ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਰਜ਼ਾ ਚਹੁੰਆਂ ਵਰ੍ਹਿਆਂ ਦੀ ਸੀ, ਇਸ ਛੋਟੀ ਉਮਰ ਵਿਚ ਵੀ ਆਪ ਗੁਰੂ ਹਰੀ ਸਿੰਘ ਜੀ ਦੇ ਦੌਰਿਆਂ ਨਾਲ ਜਾਂਦੇ ਹੁੰਦੇ ਸਨ, ਓਦੋਂ ਤੋਂ ਹੀ ਬਾਬੇ ਹੋਰਾਂ ਦਾ ਇਸ ਬਾਲ ਭਗਵਾਨ ਦੀ ਮੂਰਤੀ ਨਾਲ ਡਾਢਾ ਸਨੇਹ ਸੀ। ਬਾਬਾ ਜੀ ਨੇ ਮੈਨੂੰ ਦੱਸਿਆ ਸੀ ਕਿ ਜਿਵੇਂ ਕਾਕਾ ਤੂੰ ਸਾਡੇ ਵਿਚਕਾਰ ਸੌਂਦਾ ਹੈ ਇਸ ਤਰ੍ਹਾਂ ਹੀ ਬਾਲ ਉਮਰੇ ਸਤਿਗੁਰੂ ਪਰਤਾਪ ਸਿੰਘ ਬਿਰਾਜਦੇ ਸਨ ਤੇ ਸਵੇਰੇ ਅਸੀਂ ਉਹਨਾਂ ਦਾ ਇਸ਼ਨਾਨ ਕਰਵਾ ਕੇ ਤਿੰਨ ਵਜੇ ਆਸਾ ਦੀ ਵਾਰ ਵਿਚ ਲੈ ਜਾਂਦੇ ਸਾਂ। ਸਤਿਗੁਰੂ ਜੀ ਇਸ਼ਨਾਨ ਦੇ ਐਡੇ ਪਿਆਰੇ ਸਨ ਕਿ ਸਾਨੂੰ ਹੁਕਮ ਸੀ ਕਿ ਸਵੇਰੇ ਮੈਨੂੰ ਉਠਾ ਕੇ ਮੇਰੇ ਤੇ ਪਾਣੀ ਦਾ ਗੜਵਾ ਪਾਉਣ ਦੀ ਢਿੱਲ ਨਾ ਕਰਿਆ ਕਰੋ। ਸਾਰੀ ਆਯੂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਰੋਜ਼ਾਨਾ ਸੂਰਜ ਦੀ ਟਿਕੀ ਨਾਲ ਚੰਡੀ ਦੀ ਵਾਰ ਦੇ ਪਾਠ ਦਾ ਭੋਗ ਅਤੇ ਇਸ਼ਨਾਨ ਦਾ ਪ੍ਰਣ ਨਹੀਂ ਛੱਡਿਆ। ਸਰੀਰ ਦੇ ਨਾਲ ਇਸ਼ਨਾਨ ਨੂੰ ਨਿਭਾਅ ਗਏ।

**ਬਾਰਬਟਨ ਨਾਲ ਭੇਂਟ:**

ਕੱਕੜਾਂ ਤੋਂ ਚੱਲ ਕੇ ਪੜਾਅ ਲਾਹੌਰ ਸ਼ਹਿਰ ਵਿਖੇ ਕੀਤਾ। ਲਾਹੌਰ ਤੋਂ ਬਾਹੜੀਆਂ ਵਾਲੇ ਦੀ ਸੰਗਤ ਨੂੰ ਨਿਹਾਲ ਕੀਤਾ ਅਤੇ ਇੱਥੋਂ ਤੁਰ ਕੇ ਬਾਰਬਟਨ ਸ਼ੇਖੂਪੁਰੇ ਦੇ ਜ਼ਿਲ੍ਹੇ ਵਿਚ ਪਹੁੰਚੇ। ਇਹ ਅੰਗ੍ਰੇਜ਼ ਪੁਲੀਸ ਕਪਤਾਨ ਬਾਰਬਟਨ ਨਾਂ ਦਾ ਸੀ, ਬਹੁਤ ਚਿਰ ਲੁਧਿਆਣੇ ਜ਼ਿਲ੍ਹੇ ਦਾ ਵੱਡਾ ਪੁਲੀਸ ਅਫ਼ਸਰ ਰਿਹਾ ਸੀ। ਕੂਕਿਆਂ ਤੇ ਇਸ ਬਹੁਤ ਜ਼ੁਲਮ ਤੇ ਹੱਦੋਂ ਵੱਧ ਸਖ਼ਤੀਆਂ ਕੀਤੀਆਂ ਸਨ। ਇਥੇ ਇਸਨੂੰ ਸਰਕਾਰ ਨੇ ਖ਼ੁਸ਼ ਹੋ ਕੇ ਮੁਰੱਬੇ ਦਿਤੇ ਸਨ ਅਤੇ ਇਹਨਾਂ ਆਪਣੇ ਨਾਂ 'ਤੇ ਹੀ ਪਿੰਡ ਵਸਾਇਆ ਸੀ। ਇਹ ਗੱਡੀ ਦਾ ਸਟੇਸ਼ਨ ਵੀ ਸੀ, ਉਸ ਪਿੰਡ ਵਿਚ ਦੁਰਗਾਪੁਰ ਜ਼ਿਲ੍ਹਾ ਜਲੰਧਰ ਦੇ ਨਾਮਧਾਰੀ ਸਿੰਘ ਰਹਿੰਦੇ ਸਨ। ਏਥੇ ਹੀ ਹਾਤਿਆਂ ਵਿਚ ਮਗਰੋਂ ਜਥੇਦਾਰ ਵਰਿਆਮ ਸਿੰਘ ਅਤੇ ਹੋਰ ਉਹਨਾਂ ਦੀ ਸੈਣੀ ਬਰਾਦਰੀ ਦੇ ਬਹੁਤ ਸਿੰਘ ਰਹਿੰਦੇ ਸਨ। ਜਦੋਂ ਦੀ ਮੈਂ ਗੱਲ ਕਰ ਰਿਹਾ ਹਾਂ, ਉਦੋਂ ਤਾਂ ਵਰਿਆਮ ਸਿੰਘ ਅਜੇ ਛੋਟਾ ਬੱਚਾ ਹੋਇਗਾ, ਮਸਾਂ ਸੱਤਾਂ ਅੱਠਾਂ ਸਾਲਾਂ ਦਾ। ਜਦੋਂ ਸਵੇਰੇ ਹਾਤਿਆਂ ਤੋਂ ਤਿਆਰੀ ਕੀਤੀ ਬਾਬਰਟਨ ਨੂੰ ਮਿਲਣ ਲਈ ਉਹਦੇ ਕੋਲ ਜਾਣ ਲਈ, ਜੋ ਹੁਣ ਰੀਟਾਇਰ ਹੋ ਚੁੱਕਾ ਸੀ ਅਤੇ ਇੱਥੇ ਬੁੱਢੇਪਾ ਕੱਟ ਰਿਹਾ ਸੀ, ਤਾਂ ਸਤਿਗੁਰੂ ਜੀ ਨੇ ਇਥੋਂ ਇਕ ਸਿੰਘ ਨੂੰ ਪਹਿਲਾਂ ਹੀ ਬਾਰਬਟਨ ਵਲ ਅਗੇਤਾ ਭੇਜ ਦਿਤਾ ਕਿ ਸਾਡੇ ਅਤੇ ਸਿੰਘਾਂ ਦੇ ਆਉਣ ਦੀ ਉਹਨੂੰ ਇਤਲਾਹ ਦੇ ਦਿਓ। ਜੇ ਕੋਈ ਆਖੇ ਕਿ ਉਹ ਤਾਂ ਦੁਸ਼ਮਣ ਸੀ ਐਡਾ ਵੱਡਾ ਨਾਮਧਾਰੀਆਂ ਦਾ, ਉਸ ਨੂੰ ਮਿਲਣ ਜਾਣ ਦੀ ਭਲਾ ਸਤਿਗੁਰੂ ਜੀ ਨੂੰ ਕੀ ਲੋੜ ਸੀ। ਮਹਾਂਪੁਰਖ ਜਿਹੜੇ ਹੁੰਦੇ ਹਨ ਉਹ ਬੜੇ ਸਿਆਣੇ ਹੁੰਦੇ ਹਨ। ਸ਼ੱਤਰੂ ਮੀਤ ਦੀਆਂ ਗਿਣਤੀਆਂ ਮਿਣਤੀਆਂ ਤੋਂ ਵੀ ਉਤਾਂਹ ਉਠੇ ਹੁੰਦੇ ਹਨ। ਜਿਵੇਂ ਸ੍ਰੀ ਰਾਮ ਚੰਦਰ ਜੀ ਨੇ ਆਪਣੇ ਭਾਈ ਲਛਮਣ ਨੂੰ ਕਿਹਾ ਸੀ ਕਿ ਰਾਵਣ ਦਾ ਅੰਤ ਸਮਾਂ ਨੇੜੇ ਹੈ, ਜਾਓ ਉਸ ਤੋਂ ਕੋਈ ਸਿੱਖਿਆ ਲੈ ਆਓ। ਉਸ ਆਖਿਆ ਕਿ ਮੈਂ ਇਕ ਤਾਂ ਕਾਲ ਨੂੰ ਆਪਣੇ ਪਾਵੇ ਨਾਲ ਬੰਨ੍ਹ ਛੱਡਿਆ ਸੀ। ਇਹ ਸੋਚਦਾ ਰਿਹਾ ਕਿ ਇਹਨੂੰ ਅੱਜ ਮਾਰਦਾ ਹਾਂ। ਕੱਲ੍ਹ ਮਾਰਦਾ

ਹਾਂ। ਓੜਕ ਇਸੇ ਕਾਲ ਨੇ ਮੈਨੂੰ ਮਾਰ ਲਿਆ ਹੈ। ਦੂਸਰੀ ਮੇਰੀ ਸਵਰਗ ਨੂੰ ਪੌੜੀਆਂ ਲਾਉਣ ਦੀ ਰੀਝ ਸੀ। ਉਹ ਵੀ ਵਿਚੇ ਰਹਿ ਗਈ ਹੈ। ਇਸ ਲਈ ਹੇ ਲਛਮਣ! ਜਿਹੜਾ ਕੰਮ ਕਰਨਾ ਹੋਵੇ, ਉਸ ਵਿਚ ਢਿਲ ਨਹੀਂ ਕਰਨੀ ਚਾਹੀਦੀ।" ਇਸ ਤਰ੍ਹਾਂ ਹੀ ਕਿਸੇ ਕਾਰਨ ਵੱਸ ਸਤਿਗੁਰੂ ਜੀ ਵੀ ਬਾਰਬਟਨ ਕੋਲ ਅੱਪੜ ਗਏ। ਸੰਗਤ ਦੇ ਸਮੇਤ। ਬਾਰਬਟਨ ਵੀ ਨਮਸਕਾਰ ਕਰਕੇ ਸਤਿਗੁਰਾਂ ਦੇ ਕੋਲ ਆ ਬੈਠਾ। ਭੈਣੀ ਸਾਹਿਬ ਗੁਰਦੁਆਰੇ ਦੀ ਸੁੱਖ ਅਨੰਦ ਪੁੱਛੀ। ਜਿੰਨੇ ਸਿੰਘ ਰਹਿੰਦੇ ਸਨ, ਸਭ ਦਾ ਨਾਮ ਲੈ ਲੈ ਕੇ। ਸਤਿਗੁਰਾਂ ਵੀ ਬਾਰਬਟਨ ਨਾਲ ਬਹੁਤ ਬਚਨ ਬਿਲਾਸ ਕੀਤੇ। ਫਿਰ ਬਾਰਬਟਨ ਨੇ ਕਿਹਾ ਕਿ ਤੁਹਾਡਾ ਕੂਕਿਆਂ ਦਾ ਸਲੂਕ ਬੜਾ ਏ। ਤੁਹਾਡੀਆਂ ਤਿੰਨਾਂ ਚਹੁੰਆਂ ਗੱਲਾਂ ਦਾ ਸਾਨੂੰ ਪਤਾ ਨਹੀਂ ਲਗਦਾ ਰਿਹਾ। ਇਕ ਤਾਂ ਤੁਹਾਡੀ ਅਸੀਂ ਡਾਕ ਨਹੀਂ ਫੜ ਸਕੇ। ਦੂਸਰਾ ਸਾਨੂੰ ਤੁਹਾਡੇ ਅਖੰਡ ਪਾਠ ਕਰਨ ਦਾ ਪਤਾ ਨਹੀਂ ਲਗਿਆ ਭੈਣੀ ਸਾਹਿਬ ਵਿਚ ਕਿ ਕਿਥੇ ਕਰਦੇ ਸਉ। ਤੀਜਾ ਜਿੰਨੇ ਵੀ ਨਾਮਧਾਰੀ ਸਿੱਖ ਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਕਰਨ ਰੰਗੂਨ ਜਾਂ ਮਰਗੋਈ ਗਏ, ਉਹਨਾਂ ਵਿਚੋਂ ਕੋਈ ਫੜਿਆ ਨਹੀਂ ਗਿਆ, ਇਕ ਸਿਰਫ਼ ਮੀਹਾਂ ਸਿੰਘ ਸਰਹਾਲੀ ਵਾਲੇ ਤੋਂ ਬਿਨਾਂ। ਉਹ ਵੀ ਤਾਂ ਫੜਿਆ ਗਿਆ ਉਹ ਜੰਗਲਾ ਟੱਪ ਕੇ ਅੰਦਰ ਸਤਿਗੁਰਾਂ ਦੇ ਬੰਗਲੇ ਵਿਚ ਚਲਿਆ ਗਿਆ ਸੀ। ਜੇ ਜੰਗਲਾ ਨਾ ਟੱਪਦਾ ਤਾਂ ਉਹ ਵੀ ਨਹੀਂ ਫੜਿਆ ਜਾਣਾ ਸੀ। ਚੌਥਾ ਸਤਿਗੁਰਾਂ ਦੇ ਹੁਕਮਨਾਮੇ ਵੀ ਬਹੁਤ ਘੱਟ ਸਾਡੇ ਹੱਥ ਆਏ ਸਨ, ਜੋ ਉਹਨਾਂ ਉਧਰੋਂ ਭੇਜੇ ਸਨ। ਬਾਰਬਟਨ ਨੇ ਕਿਹਾ ਕਿ ਜਿਹੜੇ ਹੁਕਮਨਾਮੇ ਮੈਂ ਨਰਾਇਣ ਸਿੰਘ ਰੋਡਿਆਂ ਵਾਲੇ ਤੋਂ ਖੋਹੇ ਸਨ, ਹੁਸ਼ਿਆਰੀ ਤਾਂ ਉਸ ਬੜੀ ਕੀਤੀ ਸੀ ਪਰ ਮੇਰੀ ਨਿਗਾਹ ਪੈ ਗਈ ਜਿਸ ਕਰਕੇ ਮੈਂ ਝਾੜੀ ਵਿਚੋਂ ਜਾ ਕੱਢੇ। ਸਤਿਗੁਰੂ ਜੀ ਤਾਂ ਗਏ ਹੀ ਇਹਨਾਂ ਹੁਕਮਨਾਮਿਆਂ ਵਾਸਤੇ ਬਾਰਬਟਨ ਪਾਸ ਸਨ। ਸਤਿਗੁਰੂ ਜੀ ਨੇ ਉਸਨੂੰ ਕਿਹਾ ਕਿ ਸਾਨੂੰ ਵੀ ਉਹਨਾਂ ਦਾ ਦਰਸ਼ਨ ਕਰਾ ਦਿਓ। ਅਸੀਂ ਪੜ੍ਹ ਕੇ ਸੰਗਤ ਨੂੰ ਸੁਣਾ ਦਿਆਂਗੇ। ਪਰ ਅਜੇ ਅੰਗ੍ਰੇਜ਼ ਹਕੂਮਤ ਸਤਿਗੁਰਾਂ ਵੱਡਿਆਂ ਦੇ ਨਾਂ ਤੋਂ ਹੀ ਕੰਬਦੀ ਸੀ। ਇਹ ਜ਼ਮਾਨਾ ਗਦਰ ਪਾਰਟੀ ਬਣਨ ਤੋਂ ਥੋੜ੍ਹਾ ਚਿਰ ਪਹਿਲਾਂ ਦਾ ਸੀ। ਬਾਰਬਟਨ ਸਤਿਗੁਰਾਂ ਦੀ ਹੁਕਮਨਾਮਿਆਂ ਦੇ ਦਰਸ਼ਨ ਕਰਨ ਵਾਲੀ ਗੱਲ ਨੂੰ ਬੜੀ ਹੁਸ਼ਿਆਰੀ ਨਾਲ ਟਾਲ ਗਿਆ। ਹੱਸ ਕੇ ਆਖਣ ਲੱਗਾ ਕਿ ਮੈਂ ਇਹਨਾਂ ਹੁਕਮਨਾਮਿਆਂ ਦਾ ਰੋਜ਼ ਨਿੱਤਨੇਮ ਨਾਲ ਪਾਠ ਕਰਦਾ ਹਾਂ। ਮੈਂ ਕਿਸੇ ਵਾਸਤੇ ਨਹੀਂ ਰੱਖੇ। ਫਿਰ ਉਸ ਗੁਰੂ ਜੀ ਨੂੰ ਕਿਹਾ ਕਿ ਦੋ ਆਦਮੀ ਤੁਹਾਡੇ ਡੇਰੇ ਵਿਚੋਂ ਸਾਨੂੰ ਤੁਹਾਡਾ ਭੇਤ ਦਿੰਦੇ ਸਨ। ਇਕ ਈਸ਼ਰ ਸਿੰਘ ਰਵਿਦਾਸੀਆ। ਲੱਤੋਂ ਲੰਙਾ ਸੀ। ਭੈਣੀ ਸਾਹਿਬ ਖੂਹੀ ਇਸ ਲਾਈ ਸੀ। ਰਵਿਦਾਸੀਆਂ ਦੇ ਡੇਰੇ ਰਹਿੰਦਾ ਸੀ। ਇਹ ਪਿੰਡ ਦੁਰਗਾਪੁਰ (ਜਲੰਧਰ) ਦਾ ਸੀ। ਦੂਜੀ ਲੋਹ ਝੋਕਣ ਵਾਲੀ ਮਾਈ ਕਰਮ ਕੌਰ। ਇਹਨਾਂ ਦੋਹਾਂ ਨੂੰ ਸੱਤ ਸੱਤ ਰੁਪੈ ਮਹੀਨਾ ਮੁਖਬਰੀ ਬਦਲੇ ਸਰਕਾਰੋਂ ਮਿਲਦੇ ਸਨ। ਪਰ ਜਦੋਂ ਇਹਨਾਂ ਦੋਹਾਂ ਕੋਲ ਕੋਈ ਖ਼ਬਰ ਪਹੁੰਚਦੀ ਸੀ। ਤੁਸੀਂ ਉਦੋਂ ਹੀ ਆਪਣਾ ਪੂਰਾ ਪ੍ਰਬੰਧ ਕਰ ਲੈਂਦੇ ਸਉ ਅਤੇ ਕਦੇ ਵੀ ਫੜੇ ਨਹੀਂ ਸਉ ਜਾਂਦੇ। ਦੋ ਘੰਟੇ ਇਥੇ ਸਾਰਾ ਦੌਰਾ ਬਾਰਬਟਨ ਪਾਸ ਰੁਕਿਆ ਰਿਹਾ।

**ਨਨਕਾਣਾ ਸਾਹਿਬ ਦੇ ਦਰਸ਼ਨ:**

ਸਤਿਗੁਰੂ ਜੀ ਹੁਣ ਘੋੜੇ 'ਤੇ ਸਵਾਰ ਹੋ ਕੇ ਪਹਿਲੇ ਗੁਰੂ ਜੀ ਦੀ ਜਨਮ ਭੂਮੀ, ਨਨਕਾਣਾ ਸਾਹਿਬ ਨੂੰ ਤੁਰ ਪਏ। ਬਾਣੀ ਵਿਚ ਲਿਖਿਆ ਏ, "ਰਾਮ ਬਿਓਗੀ ਨਾ ਜੀਏ, ਜੀਏ ਤਾਂ ਬਉਰਾ ਹੋਇ।" ਗੁਰੂ ਪ੍ਰਤਾਪ ਸਿੰਘ ਜੀ ਨੂੰ ਗੁਰੂ ਰਾਮ ਸਿੰਘ ਦਾ ਵਿਯੋਗ ਸੀ। ਹਰ ਇਕ ਨੂੰ ਗੁਰੂ ਰਾਮ ਸਿੰਘ ਜੀ ਦੀ ਗੱਲ ਪੁੱਛਦੇ ਸਨ। ਰਸਤੇ ਤੁਰੇ ਜਾਂਦਿਆਂ ਜਾਂ ਤਾਂ ਸਤਿਗੁਰਾਂ ਦੇ ਬਚਨ ਕਰਨੇ ਜਾਂ ਬਾਣੀ ਪੜ੍ਹਣੀ, ਨਾਮ ਜਪਣਾ। ਇਸ ਤਰ੍ਹਾਂ ਹੀ ਆਮ ਲੋਕ, ਸਤਿਗੁਰੂ ਜੀ ਦੇ ਮਨਾਂ ਨੂੰ ਮੋਹ ਲੈਣ ਵਾਲੇ ਦਰਸ਼ਨ ਕਰਕੇ, ਨਾਮਧਾਰੀ ਸਿੰਘ ਸਜਦੇ ਜਾਂਦੇ ਸਨ। ਨਨਕਾਣੇ ਸਾਹਿਬ ਪੁੱਜ ਗਏ ਸਤਿਗੁਰੂ। ਜੋ ਦੁਨੀਆਂ ਦੇ ਲੋਕ ਦਰਸ਼ਨ ਕਰਦੇ, ਸਭ ਨਿਹਾਲ ਹੋ ਜਾਂਦੇ। ਤਿੰਨ ਦਿਨ ਨਨਕਾਣੇ ਸਾਹਿਬ ਮੇਲਾ ਰਿਹਾ, ਕੱਤਕ ਦੀ ਪੂਰਨਮਾਸ਼ੀ ਨੂੰ। ਸਵੇਰੇ ਆਸਾ ਦੀ ਵਾਰ ਲੱਗਦੀ। ਕਾਲੂ ਕੇ ਰਾਗੀ ਅਤੇ ਸੰਤ ਲਾਲ ਸਿੰਘ ਜੀ ਭੂਰੇ ਗਿੱਲੀਏ ਵਾਰ ਲਾਉਂਦੇ। ਦੁਪਹਿਰੇ ਢੋਲਕੀ ਛੈਣਿਆਂ ਨਾਲ ਕੀਰਤਨ ਹੁੰਦਾ। ਸੰਤ ਬੰਤਾ ਸਿੰਘ ਜੀ ਬੂੜੇ ਡੱਲੀਏ ਅਤੇ ਸੰਤ ਆਲਾ ਸਿੰਘ ਜੀ ਵਰਨ ਦੇ ਜਥੇ ਕੀਰਤਨ ਕਰਦੇ। ਪ੍ਰਚਾਰ ਕਰਦੇ ਇਕ ਰਸ ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ ਫਤੂਹੀ ਚੱਕੀਏ। ਜਿਹਨਾਂ ਨੂੰ ਕਦੇ ਕਦੇ ਪ੍ਰੇਮ ਵਿਚ ਆ ਕੇ ਸੰਗਤ 'ਮੰਗਲ ਸਿੰਘ ਭੂਤਨਾ' ਦਾ ਖ਼ਿਤਾਬ ਵੀ ਦੇ ਦਿੰਦੀ। ਲਉਢੇ ਵੇਲੇ ਦੀਵਾਨ ਦੀ ਚੌਕੀ ਸੰਤ ਹਰਨਾਮ ਸਿੰਘ ਜੀ ਰਾਗੀ ਚਵਿੰਡੇ ਵਾਲੇ ਭਰਦੇ। ਰਾਤ ਦਾ ਦੀਵਾਨ, ਚੌਕੀਓਂ ਮਗਰੋਂ ਸੰਤ ਟਹਿਲ ਸਿੰਘ ਜੀ ਸੱਦੋਵਾਲ ਤੇ ਸੰਤ ਭਗਤ ਸਿੰਘ ਜੀ ਦਾਤੇਵਾਲ ਸਾਰੀ ਰਾਤ ਲਾਉਂਦੇ। ਦੁਨੀਆਂ ਦੇ ਕੁੱਲ ਭੇਖ ਜਿਹੜੇ ਵੀ ਇਹ ਪ੍ਰਚਾਰ, ਕਥਾ ਕੀਰਤਨ, ਦੀਵਾਨ ਸੁਣਦੇ ਧੰਨ ਧੰਨ ਕਰਦੇ ਜਾਂਦੇ। ਬੜਾ ਰਸ ਬੱਝਦਾ। ਫਿਰ ਦੌਰਾ ਤੁਰ ਪਿਆ। ਇਹ ਪ੍ਰਸੰਗ 1967 ਬਿਕ੍ਰਮੀ (1910 ਈ.) ਦਾ ਹੈ।

## ਮਾਘੀ ਮੁਕਤਸਰ ਤੇ ਦੌਰਾ ਮਾਲਵਾ

ਇਸ ਜਗ੍ਹਾ ਤੋਂ ਸਤਿਗੁਰਾਂ ਨੇ ਊਠਾਂ ਵਾਲਿਆਂ ਬਾਬਿਆਂ ਵੀਰ ਸਿੰਘ, ਸੰਤਾ ਸਿੰਘ ਤੇ ਸੁਰਜਨ ਸਿੰਘ ਹੋਰਾਂ ਨੂੰ ਵੱਖ-ਵੱਖ ਇਲਾਕਿਆਂ ਦੀ ਉਗਰਾਹੀ ਕਰਨ ਵਾਸਤੇ ਤੋਰ ਦਿਤਾ, ਲੰਗਰ ਸ੍ਰੀ ਭੈਣੀ ਸਾਹਿਬ ਲਈ। ਗੁਰੂ ਜੀ ਨੱਕੇ ਦੇ ਇਲਾਕੇ ਵਿਚੋਂ ਹੋ ਕੇ, ਮਾਂਗਾ ਲਾਹੌਰ ਦੇ ਇਲਾਕੇ ਵਿਚ ਦੌਰਾ ਲੈ ਗਏ। ਮੈਂ ਬਾਬਾ ਵੀਰ ਸਿੰਘ ਜੀ ਦੇ ਨਾਲ ਉਗਰਾਹੀ ਨੂੰ ਚਲਾ ਗਿਆ, ਅਤੇ ਸਤਿਗੁਰੂ ਜੀ ਮਾਘੀ ਦੇ ਮੇਲੇ ਤੇ ਪੜਾਓ ਪੜਾਈ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਮੁਕਤਸਰ ਪੁਜ ਗਏ। ਸਾਰੇ ਉਗਰਾਹਿਆਂ ਦੇ ਸਮੇਤ ਅਸੀਂ ਵੀ ਮਾਘੀ ਤੇ ਮੁਕਤਸਰ ਪੁੱਜੇ ਅਤੇ ਗੁਰੂ ਜੀ ਦੇ ਦਰਸ਼ਨ ਮੇਲੇ ਜਾ ਕੀਤੇ। ਮਾਘੀ ਤੋਂ ਬਾਅਦ ਮਾਲਵੇ ਦਾ ਦੌਰਾ ਸ਼ੁਰੂ ਹੋ ਗਿਆ। ਇਸ ਤਰ੍ਹਾਂ ਸੰਗਤਾਂ ਨੂੰ ਤਾਰਦੇ ਫਿਰੇ। ਸ਼ਬਦ ਕੀਰਤਨ ਹੋਣਾ। ਰੋਜ਼ ਅਨੇਕਾਂ ਲੋਕਾਂ ਮਾਸ ਸ਼ਰਾਬ ਛੱਡ ਕੇ ਭਜਨ ਪੁੱਛਣਾ। ਬੀਰ ਰਸ ਭਜਨ ਬਾਣੀ ਦੇ ਪ੍ਰਤਾਪ ਨਾਲ ਸਿੰਘਾਂ ਵਿਚ ਭਰਿਆ ਰਹਿਣਾ। ਇਕ ਦਿਨ ਦੌਰੇ ਦੇ ਦੌਰਾਨ ਜਦੋਂ ਕਾਹਨ ਸਿੰਘ ਵਾਲਾ ਪਿੰਡ ਵਿਚ ਊਠ ਚਾਰ ਰਹੇ ਸਾਂ, ਊਧਮ ਸਿੰਘ ਜੋ ਉਮਰ ਵਿਚ ਮੈਥੋਂ ਪੰਜ ਵਰ੍ਹੇ ਵੱਡਾ ਸੀ, ਮੇਰੇ ਨਾਲ ਲੜ ਪਿਆ। ਊਧਮ ਸਿੰਘ ਨੇ ਜਿਹੜੇ ਊਠ ਮੈਂ ਚਾਰਦਾ ਸਾਂ, ਉਹ ਅੱਗੜ ਪਿੱਛੜ ਬੰਨ੍ਹ ਕੇ ਮੇਰੀਆਂ ਬਾਹਵਾਂ ਪਿੱਛੇ ਬੰਨ੍ਹ ਕੇ, ਇਕ ਊਠ ਨਾਲ ਮੈਨੂੰ ਨੂੜ ਦਿੱਤਾ ਤੇ ਕਹਿਣ ਲੱਗਾ ਊਧਮ ਸਿੰਘ, ਊਠ ਪਿੰਡ ਲੈ ਜਾ ਅਤੇ ਜਿਹੜਾ ਤੇਰਾ ਹਮਾਇਤੀ ਹੈ ਉਹਨੂੰ ਸੱਦ ਲਿਆ। ਮੈਂ ਰੋਂਦਾ ਰੋਂਦਾ ਊਠ ਖਿੱਚੀ ਪਿੰਡ ਨੂੰ ਆ ਗਿਆ। ਖੂਹ ਤੇ ਸਤਿਗੁਰੂ ਜੀ ਇਸ਼ਨਾਨ ਕਰ ਰਹੇ ਸਨ। ਸਤਿਗੁਰਾਂ ਜਦੋਂ ਮੇਰੀ ਰੋਂਦੇ ਦੀ ਆਵਾਜ਼ ਸੁਣੀ ਤਾਂ ਤੜੱਕ ਗਿੱਲੇ ਕਛਹਿਰੇ ਪਰਨੇ ਨਾਲ ਹੀ ਭੱਜੇ ਆਏ। ਵੇਖ ਕੇ ਮੈਨੂੰ ਹੁਕਮ ਕੀਤਾ ਕਿ ਕਿਸ ਬੰਨ੍ਹੀਆਂ ਨੇ ਤੇਰੀਆਂ ਬਾਹਾਂ, ਮੈਂ ਉਹਨੂੰ ਹੁਣੇ ਪੁੱਛਦਾ ਹਾਂ। ਮੈਂ ਕਿਹਾ "ਜੀ ਊਧਮ ਸਿੰਘ ਨੇ ਬੰਨ੍ਹੀਆਂ ਨੇ।" ਸਤਿਗੁਰਾਂ ਨੇ ਮੇਰੀਆਂ ਬਾਹਾਂ ਖੋਲ੍ਹ ਦਿਤੀਆਂ ਅਤੇ ਮੈਨੂੰ ਹੁਕਮ ਕੀਤਾ ਕਿ ਊਠ ਲੈ ਜਾ ਪਿੰਡ ਨੂੰ। ਰਾਤ ਨੂੰ ਆਪ ਨੇ ਊਠਾਂ ਵਾਲਿਆਂ ਨੂੰ ਸੱਦ ਕੇ ਕਿਹਾ, "ਕਿਉਂ ਇਸ ਬੱਚੇ ਦੀਆਂ ਬਾਹਾਂ ਬੰਨ੍ਹੀਆਂ ਸਾ ਜੇ।" ਇਹਦਾ ਕੋਈ ਨਹੀਂ ਸਮਝਿਆ ਤੁਸਾਂ। ਇਹ ਬੱਚਾ ਮੇਰਾ ਏ, ਜੇ ਅਗਾਂਹ ਤੋਂ ਇਹਨੂੰ ਕਿਸੇ ਕੁਝ ਕਿਹਾ, ਫਿਰ ਮੈਂ ਪੁੱਛਾਂਗਾ।" ਊਧਮ ਸਿੰਘ ਨੇ ਕਿਹਾ ਕਿ ਇਹ ਮੋੜੇ ਨਹੀਂ ਲਾਉਂਦਾ। ਗੁਰੂ ਜੀ ਹੁਕਮ ਕੀਤਾ ਠੇਠਰਕਿਆਂ ਵਾਲਾ ਦਲੀਪ ਸਿੰਘ ਊਠ ਚਾਰਿਆ ਕਰੂ। ਇਹ ਵਿਹਲਾ ਰਿਹਾ ਕਰੂ। ਇਹ ਦਲੀਪ ਸਿੰਘ ਹਕੀਮ ਜੀਵਨ ਨਗਰ ਦੇ ਪਾਸ ਸੰਤਾਂ ਵਾਲੀ ਕਾਫ਼ੀ ਸਮਾਂ ਰਹੇ ਹਨ। ਇਸ ਤਰ੍ਹਾਂ ਮੰਜ਼ਲੋ ਮੰਜ਼ਲੀ ਸਤਿਗੁਰੂ ਜੀ ਲਾਹੌਰ ਹੋਲੇ 'ਤੇ ਪੁੱਜ ਗਏ। ਹੋਲਾ ਵੇਖਿਆ। ਹੋਲਾ ਬਹੁਤ ਭਰਪੂਰ ਹੋਇਆ। ਇਹ ਹੋਲਾ ਬਿਕ੍ਰਮੀ ਸੰਬਤ 1967 ਨੂੰ ਹੋਇਆ ਸੀ। ਇਸ ਹੋਲੇ ਦੀ ਅਜੀਬ ਕਥਾ ਹੈ।

ਸੰਤ ਜਿਊਣ ਸਿੰਘ ਜੀ ਸਰਹਾਲੀ ਵਾਲਿਆਂ ਦੇ ਚਿੱਤ ਵਿਚ ਚਾਅ ਆਇਆ ਕਿ ਆਪਣੇ ਮਾਂ ਪਿਓ ਦੀ ਗੋਦ ਵਿਚ ਬਹਿਣਾ ਚਾਹੀਦਾ ਹੈ, ਜਿਵੇਂ ਧਰੂ ਬੈਠਾ ਸੀ। ਹੋਲੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦਾ ਭੋਗ ਪੈ ਰਿਹਾ ਸੀ। ਸੰਤਾਂ ਨੇ ਆਪਣੇ ਆਸਣ ਤੋਂ ਉਠ ਕੇ ਦੀਵਾਨ ਵਿਚ ਫੇਰੀ ਦਿਤੀ। ਸਰੀਰ ਤਾਂ ਬਿਰਧ ਹੀ ਸੀ ਪਰ ਮਾਰ ਕੇ ਛਾਲ ਦਰਬਾਰ ਸਾਹਿਬ ਤੇ ਜਾ ਬੈਠੇ। ਚਾਰ ਚੁਫੇਰਿਓਂ ਆਵਾਜ਼ ਹੋ ਗਈ, ਫੜ ਲਓ, ਮਾਰ ਦਿਓ ਏਸ ਕੀ ਕੀਤਾ। ਖਿੱਚ ਕੇ ਲੈ ਗਏ ਸੰਤਾਂ ਨੂੰ ਜਾ ਕੇ ਅੰਦਰ ਦੇ ਦਿਤਾ। ਸਤਿਗੁਰੂ ਜੀ ਨੇ ਸ਼ਰੱਈ ਸਿੱਖਾਂ ਦੀਆਂ ਤੱਤੀਆਂ ਤੱਤੀਆਂ ਸੁਣਕੇ ਅਤੇ ਦੂਸਰੇ ਸਿੱਖ ਭੇਖਾਂ ਦੀਆਂ ਪਵਿੱਤਰ ਗੁਰਬਾਣੀ ਪ੍ਰਤੀ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ - ਸੰਤ ਜਿਊਣ ਸਿੰਘ ਜੀ ਨੂੰ ਨਾਮਧਾਰੀ ਪੰਥ ਵਿਚੋਂ ਨੂੰ ਕੱਢਣ ਦਾ ਐਲਾਨ ਕਰਵਾ ਦਿਤਾ। ਮੁਹਾਵੇ ਵਾਲੇ ਸੰਤ ਕੇਸਰ ਸਿੰਘ ਹੋਰੀਂ ਉਹਨਾਂ ਦੇ ਜੋਟੀਦਾਰ ਸਨ। ਉਹਨਾਂ ਨੇ ਜਾ ਕੇ ਕੋਠੇ ਦਾ ਬੂਹਾ ਖੋਹਲਿਆ ਅਤੇ ਸੰਤ ਜਿਊਣ ਸਿੰਘ ਹੋਰਾਂ ਨੂੰ ਨਾਲ ਲੈ ਕੇ ਆਪਣੇ ਨਗਰਾਂ ਵੱਲ ਚਲੇ ਗਏ। ਸਤਿਗੁਰੂ ਜੀ ਇਥੋਂ ਦੌਰਾ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਪੁੱਜ ਗਏ।

ਅੰਮ੍ਰਿਤਸਰ ਵੈਸਾਖੀ ਦਾ ਮੇਲਾ ਵੇਖਣ ਵਾਸਤੇ ਸੰਤ ਜਿਊਣ ਸਿੰਘ ਤੇ ਸੰਤ ਕੇਸਰ ਸਿੰਘ ਹੋਰੀਂ ਗਏ। ਸਿੰਘ ਸਭੀਆਂ, ਪੁਜਾਰੀਆਂ ਤੇ ਨਿਹੰਗ ਸਿੰਘਾਂ ਨੇ ਰਲ ਕੇ ਪੁੱਛਿਆ, "ਜਿਊਣ ਸਿੰਘਾ! ਤੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਿਅਦਬੀ ਕਿਉਂ ਕੀਤੀ?" ਉਸ ਕਿਹਾ ਕਿ ਜੇ ਮੈਂ ਬਿਅਦਬੀ ਕੀਤੀ ਸੀ ਤਾਂ ਤੁਸੀਂ ਮੇਰਾ ਸਿਰ ਵੱਢ ਲੈਣਾ ਸੀ। ਕਿਉਂ ਜੋ ਉਹ ਮੇਰਾ ਪਿਉ ਸੀ, ਮੈਂ ਆਪਣੇ ਪਿਉ ਦੀ ਗੋਦ ਵਿਚ ਹੀ ਬੈਠਾ ਸਾਂ।" ਜਾਂ ਤੁਸੀਂ ਕਹਿ ਦਿਓ, ਉਹ ਪਿਉ ਨਹੀਂ," ਸੰਤਾਂ ਨੇ ਆਖਿਆ, "ਧਰੂ ਭਗਤ ਵੀ ਆਪਣੇ ਪਿਉ ਦੀ ਗੋਦ ਵਿਚ ਬੈਠਾ ਸੀ। ਮਤਰੇਈਆਂ ਨੇ ਬਾਹੋਂ ਫੜ ਕੇ ਉਠਾ ਦਿਤਾ ਸੀ। ਇਸੇ ਤਰ੍ਹਾਂ ਮੈਨੂੰ ਸ਼ਰੱਈਆਂ ਨੇ ਉਠਾ ਦਿਤਾ ਸੀ। ਬਾਣੀ ਆਖਦੀ ਏ:

ਜੇ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰ ਧਰ ਤਲੀ ਗਲੀ ਮੇਰੀ ਆਉ॥
ਸਿਰ ਦੀਜੈ ਕਾਨ ਨਾ ਕੀਜੈ॥ ਇਤ ਮਾਰਗ ਪੈਰ ਧਰੀਜੈ॥

**ਚਲਦਾ.....**

# UK museum awarded £2,00,000 grant to mark legacy of Maharaja Duleep Singh



A museum in the UK has been awarded nearly £2,00,000 in grant by the National Lottery Heritage Fund to mark the legacy of Maharaja Duleep Singh, the last ruler of the Sikh empire.

Ancient House Museum in Norfolk's Thetford was awarded the money on its 100th anniversary, the BBC reported. The museum was founded in 1924 by Prince Frederick Duleep Singh, son of Maharaja Duleep Singh. The grant will be used to tell the family's story through displays, the report said.

Maharaja Duleep Singh was the youngest son of Maharaja Ranjit Singh, who founded the Sikh empire in 1799. After the deaths of his father and brother, Duleep Singh became ruler of the kingdom at the age of five but was removed from the throne after Britishers annexed Punjab in 1849.

At the age of 15, Duleep Singh arrived in England and later made his home at Elveden Hall in Suffolk. His family remained in the area for the next century.

Prince Frederick, Duleep Singh's second son, donated Thetford's Ancient House Museum to the people of the town. He was a part of the Suffolk and Norfolk Yeomanry and served in World War I.

The museum is now starting a two-year project to showcase “the fascinating history of the Duleep Singh family”, said Robyn Llewellyn, the director of England, Midlands and East for the National Lottery Heritage Fund. Norfolk County Council said the new displays would include “a sumptuous 'treasury' of Anglo-Punjab history, a model of Elveden Hall, a loan of a portrait of Duleep Singh and displays marking the family's contributions and activism to achieve universal suffrage”.

The museum will also exhibit the family's items, such as Duleep Singh's walking stick, which was given to him by King Edward VII when he was Prince of Wales.

(Courtesy Kirpal Singh Chana)

.........................................................

# Guru Nanak Dev Ji



**Amar Kaur Randhawa, USA**

"So, he pushed the rock towards Guru Nanak."

"Then what happened?" Sartaj asked excitedly. Simran grinned.

"Oh, I don't know, maybe we should just pick up tomorrow." Simran said.

"No!" Sartaj cried "I need to know what happened to Guru ji!"

"Ok, ok, don't yell though, then I will tell you what happened. But only because it is almost Guru Nanak Dev ji's birthday. Guru ji put up his hand and stopped the rock from hitting him and the nearby sikhs."

"Wow" Sartaj breathed. "That's really cool, Guru ji was amazing!"

"I know Sartaj, he really was. Did you know that boulder still exists today, and that Guru ji's hand was imprinted on the boulder?"

"Really?! Where?" Sartaj shouted.

"In Pakistan, and don't yell, we don't want mama and papa to wake up." Simran Kaur and Sartaj Singh lived in Switzerland, in a four-bedroom house, one for their parents, one for them, one for guests, and the last one for praying. Simran is thirteen and Sartaj is seven. Suddenly Sartaj whispered, "I wanna go see the boulder in Pakistan!"

"We can't go there silly, we live in Switzerland!" Simran whispered back.

"Fine, then tell me more stories about Guru ji!" Sartaj said.

"Ok then" Simran replied. "Guru Nanak ji was born in Talwandi, later called Nankana Sahib. He was the first guru of the sikhs. He was also born 500 years ago!"

"That's a lot" Sartaj commented,

"Yeah, and his father's name was Mehta Kalu, his mother's name was Mata Tripta, and he had one sister whose name was Bebe Nanki. A beautiful gurdwara was built where Guru ji was born. But these places are now in Pakistan, and no Indian can go there freely though. Rai Bular was the landlord of Talwandi, and he was a muslim, everyone was dear to him, including Guru ji. One day Guru ji was grazing his cattle and he slept under a tree and the sun shone on his face, and then all of a sudden, a black cobra slithered out of a hole, and slithered over to Guru ji, and opened its hood. A cool shade came over Guru ji's face. Rai Bular came over on his horse and thought the cobra had bitten Guru ji, but then soon realized that Guru ji was sleeping. He admired how every living creature loved Guru Nanak.

When Guru ji started to go to school, after a few days the teachers told his parents that Guru ji already knew everything that they were teaching him. When Guru ji was about nine years old, the family priest came over to put the janeu,or the sacred thread on Guru Nanak. Only high caste Hindus could put the janeu on. When the priest was about to put the thread over Guru ji, Guru ji asked why, and the priest answered gently, 'So you will go to heaven' Guru ji replied 'This thread could be lost, broken, dirty and burned, I would rather do good deeds, be a kind person, and help the needy.'"

"That's smart!" Sartaj exclaimed.

"Yeah, I know," Simran said. "Anyway, back to my stories, Guru ji was a very gifted saint, ok now let me tell you about Sajjan."

"Whose that?"

"Shush and let me tell you Sartaj. Sajjan was a robber and a murderer,"

"That's bad." Sartaj said, frowning.

"Really bad," replied Simran. "That is why, Guru ji decided to change him and his ways. He went to Sajjan's village. Sajjan had made a rest home for travelers, but when they went to sleep at night, he killed them and took their things. He then threw their bodies away in a well. Sajjan had become quite rich doing this. Guru ji advised Sajjan to change his ways, as God is always watching him, and he could still be forgiven for his sins. Guru ji's words touched Sajjan's heart, he began to weep. And he asked how he could change his ways. Guru ji said 'Think of all your sins, and be sorry for them from the bottom of your heart.' Then Sajjan changed his ways forever."

"Wow," Sartaj whispered "Tell me another, please."

"Ok, but just a few more, ok?" Simran asked

"Ok," Sartaj answered "Fine"

"One day Guru ji went to a village where an old woman lived, she brought milk for Guru ji and his companions every day."

"Who were Guru ji's companions?" Sartaj questioned curiously

"Bhai Bala and Bhai Mardana," Simran answered. "Ok, now back to my story. The woman's husband began to wonder where she took the milk every day. He followed her the next day, and saw how she took the milk to these holy saints, he became very angry. He thought, he woke up early in the morning, and milked the cows, and his wife gave away the milk everyday free of cost!

Guru Nanak told the woman to pour milk into five glasses instead of four."

"Why were there four earlier?" Sartaj asked

"For the woman, Guru Nanak, Bhai Bala, and Bhai Mardana, total four. And now there were five including the woman's husband. The woman asked "Guru Ji, as we are only 4 persons here, so who is the 5th one?" Then Guru ji called over the woman's husband and said 'What about your husband?' The woman was surprised but happily poured another glass of milk. Then when they all drank the milk, Guru ji told the woman's husband 'Please fill this jug full of water from the river.' The woman's husband obeyed and

went to the river, and surprised to find it filled with milk, there was no sign of water anywhere! The man filled the jug with milk and gave it to Guru Nanak, he felt ashamed, and learned the lesson that seva is not a bad thing.”

“Tell me another!” Sartaj shouted “Guru Nanak is amazing! He made a river flow of milk!”

“I know Guru ji is amazing, Sartaj but it's late, and please don't shout we don't want mama and papa waking up” Simran whispered.

“I will yell if you don't tell me another story!” Sartaj yelled again.

“Ok, ok I'll tell you another story, just don't yell.” Simran said, getting annoyed.

“Umm, let me think for a bit. Then I will tell you a story”

“NO!!! Now!” Sartaj screamed.

“OK, OK” Simran shouted. Simran was thankful that their parents were such deep sleepers.

“Ok, I have a story, it is about Guru Nanak, don't worry. Ok, so Guru ji had worked as Nawab Daulat Khan's shopkeeper for about twelve years. Soon he decided to give up this work. The Nawab loved Guru ji dearly. And didn't want the Guru to retire. But the Guru shook his head and said no, politely. He had said he needed to serve God's children now. But the Nawab had one final request. That the Guru should pray with him and his Qazi. Guru ji agreed, but when they started to pray, the Guru just sat there. When it was done, the Nawab and his Qazi, asked why the Guru didn't pray with them, the Guru answered that 'You two were not praying either, your bodies were here of course, but your minds were not, you Nawab Sahib were thinking about buying horses, and your Qazi was thinking about his newborn colt and hoping he didn't fall in his well.' The Guru's words had amazed the Nawab and his Qazi. They fell at the Guru's feet, and begged for forgiveness.”

Simran was very tired, she thought that Sartaj was going to ask for another story. But he had finally fallen asleep.

.........................................................

## ਪੈਰਾਂ ਨੂੰ ਸ਼ੂਦਰ ਹੀ ਕਹਿੰਦੇ ਰਹੇ

**ਸਤਪਾਲ ਭੀਖੀ**

ਸਿਧਾਰਥ ਮਹਿਲੋਂ ਤੁਰਿਆ
ਬੁੱਧ ਹੋ ਗਿਆ
ਨਾਨਕ ਘਰੋਂ ਤੁਰਿਆ
ਦੁਨੀਆ ਵੇਖੀ ਤੇ ਬਾਬਾ ਬਣਿਆ
ਮਰਦਾਨਾ ਰਬਾਬ ਹੋਇਆ
ਅਨੰਦਪੁਰ ਤੋਂ ਤੁਰੇ ਪੈਰ,
ਦਿੱਲੀ 'ਚ ਪੁੱਜ ਹਿੰਦ ਦੀ ਚਾਦਰ ਹੋ ਗਏ
ਜਿਨ੍ਹਾਂ ਸਫ਼ਰ ਕੀਤਾ
ਸਿਰਜਣਾ ਉਨ੍ਹਾਂ ਦੀ ਗਵਾਹ ਰਹੀ
ਉਨ੍ਹਾਂ ਵਿਚਾਰ ਦਿੱਤਾ
ਨਵਾਂ ਸੰਸਾਰ ਦਿੱਤਾ
ਜਿਹੜੇ ਤੁਰੇ ਨਹੀਂ
ਕਿਤੇ ਨਹੀਂ ਪੁੱਜੇ
ਬੈਠੇ ਪੈਰਾਂ ਨੂੰ
ਸ਼ੁਦਰ ਹੀ ਕਹਿੰਦੇ ਰਹੇ।

.........................................................

# ਕਾਵਿ-ਕਿਆਰੀ

## ਪੀਰ ਬੁੱਧੂ ਸ਼ਾਹ

**ਜਸਵੰਤ ਜ਼ਫ਼ਰ**



ਚਾਰ ਸ਼ਹੀਦਾ ਦਾ ਪਿਤਾ
ਗੁਰੂ ਕੇਸ ਵਾਹ ਰਿਹਾ ਹੈ
ਦੋ ਸ਼ਹੀਦਾਂ ਦਾ ਪਿਤਾ
ਪੀਰ ਹੱਥ ਜੋੜੀ ਸਿਰ ਨਿਵਾਈ ਖੜ੍ਹਾ ਹੈ
ਗੁਰੂ ਨੇ ਪੁੱਛਿਆ-
ਕੀ ਬਖਸ਼ ਦੇਈਏ ਪੀਰ ਜੀਓ
ਪੀਰ ਮੁਹੱਬਤ ਮੰਗਦਾ ਹੈ
ਗੁਰੂ ਹੈਰਾਨ ਹੈ-
ਸਿਰਫ਼ ਮੁਹੱਬਤ?
ਹਾਂ ਜੀ ਸਾਰੀ ਮੁਹੱਬਤ
ਗੁਰੂ ਪੀਰ ਨੂੰ ਗਲਵਕੜੀ ਪਾਉਂਦੇ
ਉਹਨਾਂ ਖੁੱਲ੍ਹੇ ਕੇਸ ਪੀਰ ਉਪਰੋਂ
ਮੁਹੱਬਤ ਦਾ ਝਰਨਾ ਬਣ ਵਗਦੇ
ਚਾਰ ਚਸ਼ਮਾਂ ਚੋਂ
ਮੁਹੱਬਤੀ ਜਲ ਫੁੱਟ ਵਗਿਆ
ਗੁਰੂ ਤੁੱਠਾ ਹੈ-
ਕੁਝ ਹੋਰ ਵੀ ਮੰਗੋ ਪੀਰ ਪਿਆਰੇ
ਪੀਰ ਮੁਸਕਾਉਂਦਾ ਹੈ-
ਚਲੋ ਦਿਓ ਉਹ ਸਭ
ਜੋ ਤੈਂਡੇ ਹੱਥ
ਸਭ ਹੱਥ ਤਾਂ ਕਰਤਾਰ ਦੇ ਪੀਰ ਜੀ
ਮੇਰੇ ਹੱਥ ਤਾਂ ਏਸ ਵੇਲੇ ਕੰਘੀ ਹੈ
ਗੁਰੂ ਕੇਸਾਂ ਭਰਿਆ ਕੰਘਾ ਫੜਾਉਂਦਾ ਹੈ
ਪੀਰ ਨੂੰ ਪੂਰੀ ਸ੍ਰਿਸ਼ਟੀ ਦੀ ਮਾਲਕੀ
ਮਿਲ ਜਾਣ ਜਿੰਨਾ ਚਾਅ ਹੋਇਆ
ਪਤਾ ਨਹੀਂ ਪੀਰ ਨੇ ਇਹ ਦੁਨੀਆਂ ਦਾ
ਸਭ ਤੋਂ ਪਹਿੰਗਾ ਸੌਦਾ ਕੀਤਾ
ਜਾਂ ਸਭ ਤੋਂ ਸਸਤਾ
ਇਸ ਸੌਦੇ ਦੀ ਸਾਰ
ਸਿਆਣੇ ਨਹੀਂ
ਬੁੱਧੂ ਸ਼ਾਹ ਹੀ ਜਾਨਣ

.................................................

# ਬੱਚਿਆਂ ਦਾ ਪੰਨਾ

## ਸਮਾਂ

**ਪ੍ਰੋ. ਅੱਛਰੂ ਸਿੰਘ**

– ਆਪਣੇ ਕੰਮਾਂ ਦੀਆਂ ਤਰਜੀਹਾਂ ਨਿਰਧਾਰਿਤ ਕਰੋ ਜੋ ਕੰਮ ਸਭ ਤੋਂ ਪਹਿਲਾਂ ਕੀਤੇ ਜਾਣ ਦੀ ਮੰਗ ਕਰਦਾ ਹੈ, ਉਸ ਨੂੰ ਸਭ ਤੋਂ ਪਹਿਲਾਂ ਕਰੋ ਅਤੇ ਜੋ ਹਾਲੇ ਜਰੂਰੀ ਨਹੀਂ, ਉਸ ਨੂੰ ਬਾਅਦ 'ਤੇ ਛੱਡ ਦੇਵੋ।

– ਕਿਸੇ ਵੀ ਕੰਮ ਨੂੰ ਅਕਾਰਣ ਹੀ ਲਮਕਾਓ, ਲਟਕਾਓ ਜਾਂ ਪਿੱਛੇ ਨਾ ਪਾਓ। ਜੋ ਕਰਨਾ ਹੈ, ਉਸ ਨੂੰ ਤੁਰੰਤ ਸ਼ੁਰੂ ਕਰੋ। ਟਾਲ-ਮਟੋਲ ਅਤੇ ਦਵੰਧ ਸਮੇਂ ਦੇ ਸਭ ਤੋਂ ਵੱਡੇ ਦੁਸ਼ਮਣ ਹੁੰਦੇ ਹਨ।

– ਲੋੜ ਅਨੁਸਾਰ ਕਲੰਡਰ, ਡਾਇਰੀ ਅਤੇ ਘੜੀ ਆਦਿ ਦੀ ਵਰਤੋਂ ਕਰਦੇ ਰਹੋ। ਜਦ ਵੀ ਕੋਈ ਕੰਮ ਯਾਦ ਆਵੇ, ਉਸ ਸਮੇਂ ਹੀ ਉਸ ਨੂੰ ਆਪਣੀ ਡਾਇਰੀ ਜਾਂ ਜੇਬ ਵਿਚ ਰੱਖੇ ਕਾਗ਼ਜ਼ ਦੇ ਟੁਕੜੇ 'ਤੇ ਨੋਟ ਕਰ ਲਵੋ। ਇਸ ਨਾਲ ਤੁਹਾਡੀ ਯਾਦ-ਸ਼ਕਤੀ 'ਤੇ ਬੇਲੋੜਾ ਬੋਝ ਨਹੀਂ ਪਵੇਗਾ ਅਤੇ ਤੁਸੀਂ ਭੁੱਲਣ ਦੀ ਚਿੰਤਾ ਅਤੇ ਉਸ ਤੋਂ ਪੈਦਾ ਹੋਣ ਵਾਲੀ ਪ੍ਰੇਸ਼ਾਨੀ ਤੋਂ ਬਚੇ ਰਹੋਗੇ।

– ਕਿਸੇ ਵੀ ਕੰਮ ਨੂੰ ਤਣਾਅ ਅਧੀਨ ਅਤੇ ਕਾਹਲੀ ਵਿਚ ਨਾ ਕਰੋ ਕਿਉਂਕਿ ਇਸ ਤਰ੍ਹਾਂ ਕੰਮ ਕਰਦਿਆਂ ਤੁਹਾਥੋਂ ਕੋਈ ਗ਼ਲਤੀ ਵੀ ਹੋ ਸਕਦੀ ਹੈ ਅਤੇ ਤੁਹਾਡੇ ਕੰਮ ਵਿਚ ਕੋਈ ਊਣਤਾਈ ਵੀ ਰਹਿ ਸਕਦੀ ਹੈ। ਸਿਆਣੇ ਕਹਿੰਦੇ ਹਨ: 'ਕਾਹਲੀ ਅੱਗੇ ਟੋਏ'। ਆਪਣੇ ਹਰ ਰੋਜ਼ ਦੇ ਕੰਮਾਂ ਲਈ ਸਮਾਂ ਸੂਚੀ ਨਿਰਧਾਰਿਤ ਕਰੋ ਅਤੇ ਜਿੱਥੋਂ ਤੱਕ ਹੋ ਸਕੇ, ਉਸ ਅਨੁਸਾਰ ਚੱਲਣ ਦੀ ਕੋਸ਼ਿਸ਼ ਕਰੋ। ਇਸਦੇ ਨਾਲ ਹੀ ਇਸ ਵਿਚ ਲੋੜ ਅਨੁਸਾਰ ਤਬਦੀਲੀ ਵੀ ਕਰਦੇ ਰਹੋ।

– ਪੰਜਾਬੀ ਵਿਚ ਇਕ ਕਥਨ ਹੈ: 'ਵੇਲੇ ਦਾ ਕੰਮ, ਕੁਵੇਲੇ ਦੀਆਂ ਟੱਕਰਾਂ'। ਇਸ ਦਾ ਭਾਵ ਹੈ ਕਿ ਵੇਲੇ ਸਿਰ ਕੀਤਾ ਗਿਆ ਕੰਮ ਹਮੇਸ਼ਾ ਹੀ ਸਹੀ ਅਤੇ ਸੁਖਾਲਾ ਹੁੰਦਾ ਹੈ ਜਦਕਿ ਵਕਤ ਖੁੰਝਾ ਕੇ ਕੀਤਾ ਗਿਆ ਕੰਮ ਅਕਸਰ ਮਨਚਾਹੇ ਨਤੀਜੇ ਨਹੀਂ ਦੇ ਸਕਦਾ।

– ਕੰਮ ਦੀ ਹਮੇਸ਼ਾ ਚੰਗੀ ਸ਼ੁਰੂਆਤ ਕਰੋ ਕਿਉਂਕਿ ਚੰਗੀ ਸ਼ੁਰੂਆਤ ਅਰਥਾਤ ਸ਼ੁਭ- ਆਰੰਭ ਦਾ ਭਾਵ ਹੁੰਦਾ ਹੈ ਕਿ ਅੱਧਾ ਕੰਮ ਨਿੱਬੜ ਗਿਆ ਹੈ। ਪਰ ਨਾਲ ਹੀ ਇਸ ਗੱਲ ਦਾ ਵੀ ਧਿਆਨ ਰੱਖੋ ਕਿ ਜਿਸ ਤਰ੍ਹਾਂ ਕੰਮ ਨੂੰ ਸਹੀ ਸਮੇਂ 'ਤੇ ਆਰੰਭ ਕਰਨਾ ਜਰੂਰੀ ਹੁੰਦਾ ਹੈ, ਉਸੇ ਤਰ੍ਹਾਂ ਉਸ ਨੂੰ ਸਹੀ ਸਮੇਂ 'ਤੇ ਸਮਾਪਤ ਕਰਨਾ ਵੀ ਜਰੂਰੀ ਹੁੰਦਾ ਹੈ।

– ਆਪਣੇ ਸਮਾਂ-ਬਰਬਾਦਕਾਂ ਦੀ ਪਛਾਣ ਕਰੋ ਅਤੇ ਜਿੰਨਾ ਵੀ ਸੰਭਵ ਹੋ ਸਕੇ, ਉਨ੍ਹਾਂ ਤੋਂ ਬਚੋ। ਕਈ ਵਾਰ ਵਿਗਿਆਨ ਦੀਆਂ ਲਾਭਕਾਰੀ ਕਾਢਾਂ ਜਿਵੇਂ ਕਿ ਤੁਹਾਡਾ ਮੋਬਾਇਲ, ਕੰਪਿਊਟਰ ਜਾਂ ਟੈਲੀਵਿਯਨ ਆਦਿ ਵੀ ਤੁਹਾਡੇ ਲਈ ਸਮਾਂ-ਬਰਾਬਾਦਕ ਸਿੱਧ ਹੋ ਸਕਦੇ ਹਨ। ਇਸੇ ਤਰ੍ਹਾਂ ਕੁਝ ਮੂਰਖ਼ ਮਿੱਤਰ ਜਾਂ ਜਾਣ-ਪਛਾਣ ਵਾਲੇ ਵੀ ਤੁਹਾਡਾ ਸਮਾਂ ਚੁਰਾ ਸਕਦੇ ਹਨ। ਉਨ੍ਹਾਂ ਨੂੰ ਕੇਵਲ ਬਣਦਾ ਸਮਾਂ ਹੀ ਦੇਵੋ, ਲੋੜ ਤੋਂ ਵੱਧ ਨਹੀਂ।

– ਸਮੇਂ 'ਤੇ ਤੁਹਾਡੇ ਪਰਿਵਾਰ ਅਤੇ ਮਿੱਤਰਾਂ-ਦੋਸਤਾਂ ਦਾ ਵੀ ਉਨਾ ਹੀ ਅਧਿਕਾਰ ਹੈ, ਜਿੰਨਾ ਤੁਹਾਡੇ ਦੂਜੇ ਕੰਮ-ਕਾਰ ਦਾ। ਸੋ, ਇਸਦੀ ਇਸ ਤਰ੍ਹਾਂ ਵੰਡ ਕਰੋ ਕਿ ਤੁਸੀਂ ਆਪਣੇ ਕੰਮ ਵੀ ਸੁਹਿਰਦਤਾ ਨਾਲ ਕਰ ਸਕੋਂ, ਆਪਣੇ ਪਰਿਵਾਰ ਨਾਲ ਵੀ ਸਮਾਂ ਬਤੀਤ ਕਰ ਸਕੋਂ, ਆਪਣਾ ਮਨੋਰੰਜਨ ਵੀ ਕਰ ਸਕੋਂ, ਆਪਣੇ ਦੋਸਤਾਂ-ਮਿੱਤਰਾਂ ਨਾਲ ਵੀ ਮੇਲ-ਜੋਲ ਰੱਖ ਸਕੋਂ, ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਵੀ ਪੂਰੀਆਂ ਕਰ ਸਕੋਂ ਅਤੇ ਆਪਣੀ ਸਿਹਤ ਦਾ ਧਿਆਨ ਵੀ ਰੱਖ ਸਕੋਂ।

..................................................

# ਸੁੱਚੇ – ਮੋਤੀ

ਕਿਸੇ ਦੇਸ਼ ਦੀ ਸੁੰਦਰਤਾ ਉਸ ਦੇ ਕੁਦਰਤੀ ਨਜ਼ਾਰਿਆਂ ਕਰਕੇ ਹੀ ਨਹੀਂ ਹੁੰਦੀ, ਸਗੋਂ ਉਸ ਦੇ ਲੋਕਾਂ ਕਰਕੇ ਵੀ ਹੁੰਦੀ ਹੈ।

**ਮਹਿੰਦਰ ਸਿੰਘ ਰੰਧਾਵਾ**

ਦੇਸ਼ ਭਗਤੀ ਹੀ ਕਾਫ਼ੀ ਨਹੀਂ। ਮੇਰੇ ਦਿਲ ਵਿੱਚ ਕਿਸੇ ਦੇ ਪ੍ਰਤੀ ਵੀ ਘ੍ਰਿਣਾ ਜਾਂ ਵਿਰੋਧ ਨਹੀਂ ਹੋਣਾ ਚਾਹੀਦਾ।

**ਐਡਿਥ ਕੈਵੈੱਲ**

ਜਿਸ ਨੇ ਕਦੇ ਦੁਸ਼ਮਣ ਨੂੰ ਮੁਆਫ਼ ਨਹੀਂ ਕੀਤਾ, ਉਹ ਜ਼ਿੰਦਗੀ ਦੀ ਇਕ ਖੁਸ਼ੀ ਤੋਂ ਵਾਂਝਾ ਰਹਿ ਗਿਆ ਹੈ।

**ਲੇਵੇਟਰ**

ਮੈਂ ਆਪਣੇ ਦੁਸ਼ਮਣ ਨੂੰ ਨੁਕਸਾਨ ਪੁਚਾਉਣ ਦੀ ਜ਼ੁੰਮੇਵਾਰੀ ਚੁੱਕ ਕੇ ਆਪਣਾ ਚੈਨ ਖਰਾਬ ਨਹੀਂ ਕਰਨਾ ਚਾਹੁੰਦਾ।

**ਗੁਰਬਖ਼ਸ਼ ਸਿੰਘ**

ਇਸ ਸੰਸਾਰ ਵਿੱਚ ਵੈਰ ਨਾਲ ਵੈਰ ਕਦੀ ਸ਼ਾਂਤ ਨਹੀਂ ਹੁੰਦਾ। ਕੇਵਲ ਪਿਆਰ ਨਾਲ ਵੈਰ ਸ਼ਾਤ ਹੁੰਦਾ ਹੈ। ਇਹ ਅਟੱਲ ਨੇਮ ਹੈ।

**ਮਹਾਤਮਾ ਬੁੱਧ**

ਗਿਆਨਵਾਨ ਦੁਖੀ ਹੋਣ ਸਮੇਂ ਕਿਸੇ ਨੂੰ ਦੋਸ਼ ਨਹੀਂ ਦਿੰਦਾ, ਸਗੋਂ ਆਪਣੇ ਆਪ ਵਿਚੋਂ ਕਮਜ਼ੋਰੀ ਲੱਭਦਾ ਹੈ।

**ਸੁਆਮੀ ਵਿਵੇਕਾ ਨੰਦ**

ਸਾਰੀ ਦੁਨੀਆ ਦੇ ਦੁੱਖ ਦੇਖਦੇ ਰਹਿਣ ਨਾਲੋਂ ਇਕ ਸੀਨੇ ਦਾ ਦੁੱਖ ਦੂਰ ਕਰਨਾ ਚੰਗਾ ਹੈ।

**ਐਡਵਿਨ ਆਰਨਲਡ**

ਸੂਈ ਦੇ ਨੱਕੇ ’ਚੋਂ ਊਂਠ ਪਾਰ ਹੋ ਸਕਦਾ ਹੈ ਪਰ ਬਹੁਤੇ ਧਨ ਦੇ ਸਹਾਰੇ ਕੋਈ ਵੀ ਮਨੁੱਖ ਸਵਰਗ ਵਿੱਚ ਦਾਖਲ ਨਹੀਂ ਹੋ ਸਕਦਾ।

**ਈਸਾ**

ਅਮੀਰ ਆਦਮੀ ਕੋਲ ਹੋਰ ਸਭ ਕੁਛ ਹੁੰਦਾ ਹੈ ਪਰ ਦਿਲ ਉਸ ਪਾਸ ਨਹੀਂ ਹੁੰਦਾ।

**ਨਾਨਕ ਸਿੰਘ**

ਧੁੱਪ ਦਾ ਵੀ ਕੀ ਜਾਦੂ ਏ। ਸਹਿਜ ਭਾ ਤੁਹਾਡੇ ਵਿਹੜੇ ਆ ਵੜਦੀ ਏ ਤੇ ਤੁਹਾਨੂੰ ਰੰਗ ਜਾਂਦੀ ਏ।

**ਪਿਆਰਾ ਸਿੰਘ ਭੋਗਲ**

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਦਾ ਦੌਰਾ ਇਲਾਕਾ ਸ੍ਰੀ ਜੀਵਨ ਨਗਰ

ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਵਰੋਸਾਈ ਹੋਈ ਧਰਤੀ ਹੈ ਇਲਾਕਾ ਸ੍ਰੀ ਜੀਵਨ ਨਗਰ। ਜਿਸ ਨੂੰ ਆਪ ਨੇ ਅਬਾਦ ਕਰਕੇ ਹਰੇ ਭਰੇ ਖੇਤਾਂ ਦਾ ਰੂਪ ਬਖ਼ਸ਼ਿਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਆਪਣੇ ਵੱਡ-ਵਡੇਰਿਆਂ ਦੀ ਵਰੋਸਾਈ ਅਤੇ ਨਿਵਾਜ਼ੀ ਧਰਤੀ ਨੂੰ ਉਚੇਚਾ ਮਾਨ ਬਖ਼ਸ਼ਦੇ ਸਨ। ਨਾਮਧਾਰੀ ਪੰਥ ਦੇ ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਸਾਧ ਸੰਗਤ ਦੇ ਹਰ ਦੁੱਖ-ਸੁੱਖ ਦੀ ਅਰਜ ਨੂੰ ਪ੍ਰਵਾਨ ਕਰਕੇ ਇਲਾਕੇ ਲਈ ਉਚੇਚਾ ਸਮਾਂ ਦੇ ਕੇ ਸਾਧ ਸੰਗਤ ਨੂੰ ਪਿਆਰ ਬਖ਼ਸ਼ਦੇ ਹਨ। ਏਸੇ ਹੀ ਲੜੀ ਤਹਿਤ ਨਵੇਂ ਸਾਲ ਦੇ ਦੌਰੇ ਦੀ ਅਰੰਭਤਾ **ਮਿਤੀ 10 ਜਨਵਰੀ 2024 ਦਿਨ ਬੁੱਧਵਾਰ** ਨੂੰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ 8:50 ਤੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ ਬਰਨਾਲਾ, ਮਾਨਸਾ ਹੁੰਦੇ ਹੋਏ ਸਿਰਸਾ ਸ਼ਹਿਰ ਵਿਖੇ G.T.M ਕਲੋਨੀ ਵਿਖੇ ਸ. ਜਸਵਿੰਦਰ ਸਿੰਘ ਪੁੱਤਰ ਨਾਮ ਸਿੰਘ, ਕੁਲਵਿੰਦਰ ਸਿੰਘ, ਸੁਖਵਿੰਦਰ ਸਿੰਘ ਪੁੱਤਰ ਸ. ਅਰਜਨ ਸਿੰਘ ਗ੍ਰਹਿ ਵਿਖੇ ਚਰਨ ਪਾਉਣ ਦੀ ਕ੍ਰਿਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸ. ਦਲੇਰ ਸਿੰਘ ਪੁੱਤਰ ਸ. ਗੁਰਮੀਤ ਸਿੰਘ ਦੀ ਦੁਕਾਨ ਤੇ ਚਰਨ ਵੀ ਪਾਏ। ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਧਰਮਸ਼ਾਲਾ ਬੰਦ ਗੇਟ ਸਿਰਸਾ ਵਿਖੇ ਦਰਸ਼ਨ ਦਿੱਤੇ ਜਿਥੇ ਸ. ਅਵਤਾਰ ਸਿੰਘ ਕਥੂਰੀਆਂ ਨਮਿਤ ਭੋਗ ਪਾਇਆ ਜਾਣਾ ਸੀ ਜੋ ਪਿਛਲੇ ਦਿਨੀਂ ਸਵਰਗਵਾਸ ਹੋ ਗਏ ਸਨ। ਜਥੇ. ਨਿਸ਼ਾਨ ਸਿੰਘ ਦਿੱਲੀ ਆਪਣੇ ਜਥੇ ਸਮੇਤ ਦੀਵਾਨ ਸਜਾ ਰਹੇ ਸਨ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਸ. ਅਵਤਾਰ ਸਿੰਘ ਕਥੂਰੀਆ ਨਮਿਤ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਪਾਇਆ ਗਿਆ। ਪਿੰਡ ਭੰਗੂਰ ਵਿਖੇ ਸ. ਦਰਬਾਰਾ ਸਿੰਘ ਦੇ ਲੜਕੇ ਸੁਖਵਿੰਦਰ ਸਿੰਘ ਦੇ ਅਚਾਨਕ ਚੜਾਈ ਕਰ ਜਾਣ ਕਾਰਨ ਪਰਿਵਾਰ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਰਾਣੀਆਂ ਸ਼ਹਿਰ ਵਿਖੇ ਸ. ਜਗਤਾਰ ਸਿੰਘ ਹਿੰਦੂਚੱਕੀਏ ਦੇ ਸਪੁੱਤਰ ਕੁਲਵੰਤ ਸਿੰਘ ਦੇ ਚੜਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਸ. ਅਜੈਬ ਸਿੰਘ, ਮੋਹਨ ਸਿੰਘ ਤੇ ਸਤਨਾਮ ਸਿੰਘ ਦੇ ਘਰ ਮਾਤਾ ਇਕਬਾਲ ਕੌਰ ਦੇ ਚੜਾਈ ਕਰਨ ਤੇ ਪਿੰਡ ਸੰਤ ਨਗਰ ਵਿਖੇ ਦਰਸ਼ਨ ਦਿੱਤੇ ਅਤੇ ਏਥੇ ਹੀ ਕਾਕਾ ਸਰਮੁੱਖ ਸਿੰਘ ਪੁੱਤਰ ਸ਼ਰਧਾ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸ਼ਾਮ ਦਾ ਨਾਮ ਸਿਮਰਨ ਮਸਤਾਨਗੜ੍ਹ ਵਿਖੇ 6 ਤੋਂ 7 ਵਜੇ ਤੱਕ ਹੋਇਆ ਅਤੇ ਰਾਗੀ ਸਰਮੁੱਖ ਸਿੰਘ ਤੇ ਸ਼ਾਮ ਸਿੰਘ ਨੇ ਸ਼ਾਮ ਦਾ ਕੀਰਤਨ ਕੀਤਾ। ਕੀਰਤਨ ਦੀ ਸਮਾਪਤੀ ਉਪਰੰਤ ਸ਼ਾਮ ਨੂੰ ਪਿੰਡ ਅਮਰਾਸਰ ਕਲਾਂ ਵਿਖੇ ਸ. ਅਵਤਾਰ ਸਿੰਘ, ਦਰਸ਼ਨ ਸਿੰਘ, ਸਰਦਾਰ ਸਿੰਘ ਅਤੇ ਹਰਦਿਆਲ ਸਿੰਘ ਪੁੱਤਰ ਸ. ਪੂਰਨ ਸਿੰਘ ਘੁੰਮਣ ਦੇ ਗ੍ਰਹਿ ਵਿਖੇ ਚਰਨ ਪਾਏ ਅਤੇ ਜਲਪਾਣੀ ਛਕਿਆ। ਰਾਤ ਮਸਤਾਨਗੜ੍ਹ ਵਿਖੇ ਵਿਸ਼ਰਾਮ ਕੀਤਾ।

**ਮਿਤੀ 11 ਜਨਵਰੀ 2024 ਦਿਨ ਵੀਰਵਾਰ–** ਅੱਜ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਗੁਰਦੁਆਰਾ ਪਿੰਡ ਕਰੀਵਾਲਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਸਰਮੁੱਖ ਸਿੰਘ, ਸ਼ਾਮ ਸਿੰਘ ਤੇ ਲਵਪ੍ਰੀਤ ਸਿੰਘ ਨੇ ਕੀਤਾ। ਵਾਰ ਦੀ ਸਮਾਪਤੀ ਉਪਰੰਤ ਸ. ਸੁਵਰਨ ਸਿੰਘ ਵਿਰਕ ਨੇ ਸਾਧ ਸੰਗਤ ਨੂੰ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਸੰਬੋਧਨ ਕੀਤਾ। ਸ. ਬੂਟਾ ਸਿੰਘ ਸਰਪੰਚ ਦੇ ਲੜਕੇ ਗੁਲਜਾਰ ਸਿੰਘ ਦੇ ਚੜਾਈ ਕਰਨ ਅਤੇ ਸ. ਕਾਹਨ ਸਿੰਘ ਦੀ ਧਰਮ ਪਤਨੀ ਬੀਬੀ ਸੁਰਜੀਤ ਕੌਰ ਦੇ ਚੜਾਈ ਕਰਨ ਤੇ ਪਰਿਵਾਰਾਂ ਨੂੰ ਦਰਸ਼ਨ ਦਿੱਤੇ। ਪਿੰਡ ਕਰੀਵਾਲਾ ਵਿਖੇ ਹੀ ਸ. ਕਸ਼ਮੀਰ ਸਿੰਘ ਪੁੱਤਰ ਸ. ਨੱਥਾ ਸਿੰਘ ਦੇ ਗ੍ਰਹਿ ਵਿਖੇ ਪਵਿੱਤਰ ਗੁਰਬਾਣੀ ਦੇ ਅਖੰਡ ਪਾਠ ਦੇ ਭੋਗ ਸਮੇਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਜੋ ਪਰਿਵਾਰ ਵੱਲੋਂ ਨਵੇਂ ਬਣਾਏ ਮਕਾਨ ਦੀ ਖੁਸ਼ੀ ਵਿੱਚ ਕਰਵਾਇਆ ਗਿਆ ਸੀ। ਕਵੀ ਕਰਨੈਲ ਸਿੰਘ ਅਸਪਾਲ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਸ. ਲਖਵਿੰਦਰ ਸਿੰਘ ਪੁੱਤਰ ਸ. ਬਲਦੇਵ ਸਿੰਘ ਝੱਬਰ ਦੇ ਗ੍ਰਹਿ ਵਿਖੇ ਪ੍ਰਸ਼ਾਦਾ ਪਾਣੀ ਛਕਿਆ ਅਤੇ ਵਾਪਸੀ ਤੇ ਪਿੰਡ ਦਮਦਮਾ ਵਿਖੇ ਸ. ਲਖਵੀਰ ਸਿੰਘ ਬਿਲਣ ਦੇ ਗ੍ਰਹਿ ਵਿਖੇ 2 ਅਖੰਡ ਪਾਠਾਂ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ ਜੋ ਪਰਿਵਾਰ ਵਲੋਂ ਕਾਕਾ ਪਰਮਿੰਦਰ ਸਿੰਘ ਅਤੇ ਪਰਵਿੰਦਰ ਸਿੰਘ ਦੇ ਜਨਮ ਦੀ ਖੁਸ਼ੀ ਵਿੱਚ ਕਰਵਾਏ ਗਏ ਸਨ। ਏਥੋ ਹੀ ਸ. ਸੋਹਨ ਸਿੰਘ ਪੁੱਤਰ ਪ੍ਰੀਤਮ ਸਿੰਘ ਗਿੱਲ ਪੁੱਤਰ ਸ. ਦੇਵਾ

ਸਿੰਘ, ਸ. ਮੁਖਤਿਆਰ ਸਿੰਘ ਬਾਜੇਵਾਲੇ ਅਤੇ ਬਲੌਰ ਸਿੰਘ ਪੁੱਤਰ ਸ. ਕਰਤਾਰ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸ. ਸ਼ਾਮ ਸਿੰਘ ਪੁੱਤਰ ਸ. ਜੀਤ ਸਿੰਘ, ਆਤਮਾ ਸਿੰਘ ਪੁੱਤਰ ਕਪੂਰ ਸਿੰਘ ਬਿਲਾਸਪੁਰੀਏ, ਗੁਰਦੇਵ ਸਿੰਘ ਪੁੱਤਰ ਕਪੂਰ ਸਿੰਘ ਦੇ ਪਰਿਵਾਰਾਂ ਨੂੰ ਦਰਸ਼ਨ ਦੇਣ ਅਤੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਪਿੰਡ ਜਗਜੀਤ ਨਗਰ ਵਿਖੇ ਸ. ਬਲਬੀਰ ਸਿੰਘ ਪੁੱਤਰ ਸ. ਮਹਿੰਦਰ ਸਿੰਘ ਭਗਤੇਵਾਲੇ ਅਤੇ Ex ਸਰਪੰਚ ਸ. ਜੀਤ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰਾਂ ਨੂੰ ਦਰਸ਼ਨ ਦਿੱਤੇ। ਪਿੰਡ ਸੰਤ ਨਗਰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਪਿੰਡ ਜਗਜੀਤ ਨਗਰ ਵਿਖੇ ਸ. ਸੁਖਦੇਵ ਸਿੰਘ ਗਿੱਲ ਦੀ ਪਤਨੀ ਬੀਬੀ ਇੰਦਰਜੀਤ ਕੌਰ ਨਮਿਤ ਭੋਗ ਸਮੇਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਅਤੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਬੀਬੀ ਇੰਦਰਜੀਤ ਕੌਰ ਨਮਿਤ ਭੋਗ ਪਾਇਆ ਗਿਆ। ਜਥੇਦਾਰ ਜਸਵਿੰਦਰ ਸਿੰਘ ਭਿੰਡਰ ਨੇ ਕਥਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਮਸਤਾਨਗੜ੍ਹ ਵਿਖੇ ਦਰਸ਼ਨ ਦਿੱਤੇ ਅਤੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਸ. ਬਲਵੰਤ ਸਿੰਘ ਨਮਿੱਤ ਭੋਗ ਪਾਇਆ ਗਿਆ ਜੋ ਪਿਛਲੇ ਦਿਨੀ ਚੜ੍ਹਾਈ ਕਰ ਗਏ ਸਨ। ਸੰਤ ਨਿਸ਼ਾਨ ਸਿੰਘ ਸ੍ਰੀ ਭੈਣੀ ਸਾਹਿਬ ਨੇ ਕਥਾ ਕੀਤੀ। ਸ. ਸੁਵਰਨ ਸਿੰਘ ਵਿਰਕ ਜੀ ਨੇ ਸ. ਬਲਵੰਤ ਸਿੰਘ ਦੇ ਪਰਿਵਾਰਕ ਪਿਛੋਕੜ ਅਤੇ ਅਗਲੀ ਪੀੜੀ ਬਾਰੇ ਜਾਣਕਾਰੀ ਸਾਧ ਸੰਗਤ ਨਾਲ ਸਾਂਝੀ ਕੀਤੀ। ਸ੍ਰੀ ਸਤਿਗੁਰੂ ਜੀ ਸ. ਬਲਵੰਤ ਸਿੰਘ ਦੇ ਵੱਡੇ ਸਪੁੱਤਰ ਸ. ਗੁਰਦਿਆਲ ਸਿੰਘ ਨੂੰ ਦਸਤਾਰ ਸਜਾਈ। ਅੱਜ ਸ਼ਾਮ ਦਾ ਨਾਮ ਸਿਮਰਨ ਪਿੰਡ ਹਾਰਨੀਆਂ ਵਿਖੇ ਨਾਮਧਾਰੀ ਗੁਰਦੁਆਰਾ ਸਾਹਿਬ ਵਿਖੇ 4 ਤੋਂ 5 ਵਜੇ ਤੱਕ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਹੋਇਆ। ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ ਅਤੇ ਰਾਗੀ ਸਰਮੁੱਖ ਸਿੰਘ ਤੇ ਸ਼ਾਮ ਸਿੰਘ ਨੇ ਪਿਛਲੇ ਪਹਿਰ ਦਾ ਕੀਰਤਨ ਕੀਤਾ। ਸਮਾਪਤੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਸੰਗਤ ਨੂੰ ਹੁਕਮ ਕੀਤਾ ਕਿ ਆਪਣੇ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜੋ, ਗੁਰਬਾਣੀ ਪੜ੍ਹਨ ਲਾਓ ਤਾਂ ਜੋ ਉਹ ਵਧੀਆ ਨਾਗਰਿਕ ਬਣ ਸਕਣ ਅਤੇ ਨਸ਼ਿਆਂ ਤੋਂ ਬਚੇ ਰਹਿਣ। ਪਿੰਡ ਹਾਰਨੀ ਵਿਖੇ ਬੰਤਾ ਸਿੰਘ ਪੁੱਤਰ ਸ. ਵਜਿੰਦਰ ਸਿੰਘ, ਗੁਰਜੰਟ ਸਿੰਘ ਪੁੱਤਰ ਬੰਤਾ ਸਿੰਘ, ਕਰਨੈਲ ਸਿੰਘ ਪੁੱਤਰ ਸ. ਸੁਰਜੀਤ ਸਿੰਘ ਦੇ ਘਰ ਚਰਨ ਪਾਏ ਅਤੇ ਕਾਕਾ ਕੀਰਤ ਸਿੰਘ ਪੁੱਤਰ ਰਣਜੀਤ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਨੇ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਏਥੇ ਹੀ ਜਸਵਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ, ਹਰਜਿੰਦਰ ਸਿੰਘ ਪੁੱਤਰ ਅਮਰ ਸਿੰਘ, ਬਲਵੰਤ ਸਿੰਘ, ਕੁਲਵੰਤ ਸਿੰਘ ਪੁੱਤਰ, ਸੁਰਜਨ ਸਿੰਘ, ਬਲਵਿੰਦਰ ਸਿੰਘ ਪੁੱਤਰ ਸ. ਵਿਰਸਾ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਅੰਮ੍ਰਿਤਸਰੀਆਂ ਦੇ ਖੂਹ ਤੇ ਸ. ਬਲਵੰਤ ਸਿੰਘ ਦੇ ਚੜ੍ਹਾਈ ਕਰਨ ਤੇ ਉਹਨਾਂ ਦੇ ਸਪੁੱਤਰ ਸ. ਗੁਰਦਿਆਲ ਸਿੰਘ ਤੇ ਗੁਰਦੀਪ ਸਿੰਘ ਦੇ ਘਰਾਂ ਵਿੱਚ ਦਰਸ਼ਨ ਦਿੱਤੇ। ਰਾਤ ਮਸਤਾਨਗੜ੍ਹ ਆਣ ਵਿਸ਼ਰਾਮ ਕੀਤਾ।

**ਮਿਤੀ 12 ਜਨਵਰੀ 2024 ਦਿਨ ਸ਼ੁੱਕਰਵਾਰ–** ਅੰਮ੍ਰਿਤ ਵੇਲੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਪਿੰਡ ਸੰਤ ਨਗਰ ਦੇ ਪ੍ਰਤਾਪ ਮੰਦਰ ਵਿੱਚ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਸਰਮੁਖ ਸਿੰਘ, ਸ਼ਾਮ ਸਿੰਘ ਤੇ ਲਵਪ੍ਰੀਤ ਸਿੰਘ ਨੇ ਕੀਤਾ ਸਾਥ ਗੁਰਭਗਤ ਸਿੰਘ ਭਗਤੀ ਵੀ ਬੈਠੇ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਸ. ਕਰਤਾਰ ਸਿੰਘ ਨਾਥ ਦੇ ਪਰਿਵਾਰ ਵਲੋਂ ਪਵਿੱਤਰ ਗੁਰਬਾਣੀ ਦੇ ਪਾਠਾਂ ਦੇ ਭੋਗ ਪਾਏ ਗਏ। ਇਕ ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਅਤੇ 1 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਪਾ ਕੇ ਅਤੇ 1 ਪਾਠ ਮਾਤਾ ਅਜਮੇਰ ਕੌਰ ਨਮਿੱਤ ਵਰੀਨੇ ਦਾ ਪਾਇਆ ਗਿਆ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ. ਭਗਵਾਨ ਸਿੰਘ ਪੁੱਤਰ ਹਰੀ ਸਿੰਘ ਦੇ ਘਰ ਚਰਨ ਪਾਏ ਅਤੇ ਸੂਬਾ ਧਰਮ ਸਿੰਘ ਜੀ ਦੀ ਧਰਮ ਪਤਨੀ ਮਾਤਾ ਪਿਆਰ ਕੌਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸੰਤ ਨਗਰ ਵਿਖੇ ਹੀ ਸ. ਹੀਰਾ ਸਿੰਘ ਢਾਕੇਵਾਲੇ ਦੇ ਗ੍ਰਹਿ ਵਿਖੇ ਅਖੰਡ ਪਾਠ ਦੇ ਭੋਗ ਤੇ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਏਥੇ ਹੀ ਸੁਖਦੇਵ ਸਿੰਘ ਪੁੱਤਰ ਚਰਨ ਸਿੰਘ, ਗੁਰਜੰਟ ਸਿੰਘ, ਸਾਹਿਬ ਸਿੰਘ ਪੁੱਤਰ ਜੀਤ ਸਿੰਘ, ਹਰਜਿੰਦਰ ਸਿੰਘ ਪੁੱਤਰ ਸ. ਦਾਰਾ ਸਿੰਘ ਬਾੜੀਆਂ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਸ. ਗੁਰਦਿਆਲ ਸਿੰਘ ਦੇ ਪਿਤਾ ਸ. ਜਸਵੰਤ ਸਿੰਘ ਦੇ ਚੜ੍ਹਾਈ ਕਰ ਜਾਣ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਸ. ਗੁਰਭੇਜ ਸਿੰਘ, ਸਤਨਾਮ ਸਿੰਘ ਪੁੱਤਰ ਸ. ਪ੍ਰੀਤਮ ਸਿੰਘ ਕਾਮੋਵਾਸੀਆਂ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਸ. ਸੁਰਜੀਤ ਸਿੰਘ, ਧਰਮ ਸਿੰਘ ਅਤੇ ਸੁਖਚੈਨ ਸਿੰਘ ਦੇ ਘਰ ਪ੍ਰਸ਼ਾਦਾ ਛਕਿਆ ਅਤੇ ਪਰਿਵਾਰਾਂ ਨੂੰ ਖੁਸ਼ੀਆਂ ਬਖਸ਼ੀਆਂ। ਅੱਜ ਦੁਪਹਿਰ ਦਾ ਪ੍ਰੋਗਰਾਮ ਪ੍ਰਤਾਪ ਮੰਦਰ ਸੰਤ ਨਗਰ ਵਿਖੇ ਮਾਤਾ ਇਕਬਾਲ ਕੌਰ ਦੀ ਯਾਦ ਵਿੱਚ ਭੋਗ

ਸਮਾਗਮ ਹੋਇਆ। ਜ. ਜਸਵਿੰਦਰ ਸਿੰਘ ਭਿੰਡਰ ਨੇ ਦੀਵਾਨ ਸਜਾਇਆ। ਸ. ਸੁਵਰਨ ਸਿੰਘ ਵਿਰਕ ਅਤੇ ਸੰਤ ਨਿਸ਼ਾਨ ਸਿੰਘ ਕਥਾਵਾਚਕ ਜੀ ਨੇ ਕਥਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ। ਇਕ ਪਾਠ ਦਾ ਭੋਗ ਮਾਤਾ ਇਕਬਾਲ ਕੌਰ ਦੇ ਨਮਿੱਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਸੰਤ ਨਗਰ ਤੋਂ ਬਾਅਦ ਪਿੰਡ ਅਮਰਾਸਰ ਕਲ਼ਾਂ ਵਿਖੇ ਸੂਬਾ ਮਹਿੰਦਰ ਸਿੰਘ ਜੀ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਅਮਰਾਸਰ ਵਿਖੇ ਹੀ ਸ. ਹੀਰਾ ਸਿੰਘ ਮਾਂਗਟਵਾਲੇ ਦੇ ਚੜ੍ਹਾਈ ਕਰਨ ਤੇ ਘਰ ਦਰਸ਼ਨ ਦਿੱਤੇ ਜੋ ਪਿਛਲੇ ਦਿਨੀਂ ਇਕ ਸੜਕ ਹਾਦਸੇ ਵਿੱਚ ਚੜ੍ਹਾਈ ਕਰ ਗਏ ਸਨ। ਸ੍ਰੀ ਸਤਿਗੁਰੂ ਜੀ ਨੇ ਹਾਦਸੇ ਵਿੱਚ ਫੱਟੜ ਹੋਏ ਲੜਕੇ ਦਿਲਬਾਗ ਸਿੰਘ, ਲੜਕੀ ਨਵਨੀਤ ਕੌਰ ਤੇ ਹੀਰਾ ਸਿੰਘ ਦੀ ਪਤਨੀ ਦਾ ਹਾਲ ਚਾਲ ਪੁੱਛਿਆ। ਏਥੇ ਹੀ ਸ. ਬਲਰਾਜ ਸਿੰਘ ਮਦਾਰ ਦੀ ਪਤਨੀ ਬੀਬੀ ਬਲਵਿੰਦਰ ਕੌਰ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਰਾਮਪੁਰ ਬੁੱਢੀਮਾੜੀ ਚੌਂਕ ਕੋਲ ਸ. ਲੱਖਾ ਸਿੰਘ ਪੁੱਤਰ ਸ. ਬੇਅੰਤ ਸਿੰਘ ਦੇ ਚੜ੍ਹਾਈ ਤੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਏਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਗੁਰੂ ਹਰੀ ਸਿੰਘ ਕਾਲਜ ਦੇ ਸਟੇਡੀਅਮ ਵਿਖੇ ਨੌਜਵਾਨ ਖਿਡਾਰੀਆਂ ਨੂੰ ਦਰਸ਼ਨ ਦਿੱਤੇ। ਪਿੰਡ ਨਗਰਾਨਾ ਥੋੜ ਤੇ ਭੁਪਿੰਦਰ ਸਿੰਘ ਪੁੱਤਰ ਹਰਬੰਸ ਸਿੰਘ, ਰਤਨ ਸਿੰਘ ਪੁੱਤਰ ਜੰਗੀਰ ਸਿੰਘ, ਗੁਰਦੀਪ ਸਿੰਘ ਪੁੱਤਰ ਹਰਬੰਸ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ ਅਤੇ ਬੀਬੀ ਗਿਆਨ ਕੌਰ ਦੇ ਚੜਾਈ ਕਰਨ ਤੇ ਨਾਹਰ ਸਿੰਘ ਪੁੱਤਰ ਗਿਆਨੀ ਸਿੰਘ ਦੇ ਘਰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

ਅੱਜ ਸ਼ਾਮ ਦਾ ਪ੍ਰੋਗਰਾਮ ਨਾਮਧਾਰੀ ਗੁਰਦੁਆਰਾ ਰਾਣੀਆਂ ਵਿਖੇ ਹੋਇਆ। ਨਾਮ ਸਿਮਰਨ ਸ਼ਾਮ 6 ਤੋਂ 7 ਵਜੇ ਤੱਕ ਹੋਇਆ। ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ ਅਤੇ ਹਜ਼ੂਰੀ ਰਾਗੀ ਸਰਮੁਖ ਸਿੰਘ, ਸ਼ਾਮ ਸਿੰਘ ਤੇ ਗੁਰਭਗਤ ਸਿੰਘ ਨੇ ਪਿਛਲੇ ਪਹਿਰ ਦਾ ਸ਼ਬਦ ਪੜ੍ਹਿਆ। ਪ੍ਰੋਗਰਾਮ ਸਮਾਪਤੀ ਬਾਅਦ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਨਰਿੰਦਰ ਗਾਬਾ ਜੀ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ। ਰਾਣੀਆਂ ਵਿਖੇ ਹੀ ਸ੍ਰੀ ਸਤਿਗੁਰੂ ਜੀ ਨੇ ਗੁਰਸ਼ਰਨ ਸਿੰਘ ਪੁੱਤਰ ਆਤਮਾ ਸਿੰਘ, ਸਰਬਜੀਤ ਸਿੰਘ ਪੁੱਤਰ ਬੇਅੰਤ ਸਿੰਘ ਅਤੇ ਗੁਰਜ਼ਾਰ ਸਿੰਘ ਪੁੱਤਰ ਕਪੂਰ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਰਾਤ ਮਸਤਾਨਗੜ੍ਹ ਆਣ ਵਿਸ਼ਰਾਮ ਕੀਤਾ।

**ਮਿਤੀ 13 ਜਨਵਰੀ 2024 ਦਿਨ ਸ਼ਨੀਵਾਰ–** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸਰਮੁੱਖ ਸਿੰਘ, ਸ਼ਾਮ ਸਿੰਘ, ਲਵਪ੍ਰੀਤ ਸਿੰਘ ਤੇ ਗੁਰਭਗਤ ਸਿੰਘ ਭਗਤੀ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਵਿੱਚ ਕੀਤਾ। ਨਾਮਧਾਰੀ ਧਰਮਸ਼ਾਲਾ ਐਲਨਾਬਾਦ ਵਿਖੇ ਹੋਇਆ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਹੁਕਮ ਕੀਤਾ ਕਿ ਆਪਣੇ ਬੱਚਿਆਂ ਨੂੰ ਗੁਰਬਾਣੀ ਪੜਣੀ ਸਿਖਾਉ ਅਤੇ ਅਖੰਡ ਪਾਠੀ ਬਣਾਉ। ਮਰਿਯਾਦਾ ਨੂੰ ਆਪਣੇ ਬੱਚਿਆਂ ਵਿੱਚ ਬਹਾਲ ਰੱਖੋ, ਹੱਥ ਮਾਂਝਣ ਦੀ ਜਾਚ ਸਿਖਾਉ। ਸਣੇਕੇਸੀ ਇਸ਼ਨਾਨ ਕਰਨ ਦੀ ਆਦਤ ਆਪਣੇ ਬੱਚਿਆਂ ਨੂੰ ਪਾਉ। ਐਲਨਾਬਾਦ ਵਿਖੇ ਹੀ ਇਕਬਾਲ ਸਿੰਘ ਪੁੱਤਰ ਬਸੰਤ ਸਿੰਘ, ਬਲਜਿੰਦਰ ਕੌਰ ਪਤਨੀ ਕਰਨ ਸਿੰਘ ਮੱਟੂ, ਪਿਆਰਾ ਸਿੰਘ ਪੁੱਤਰ ਭਾਗ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਮਹਿਲ ਸਿੰਘ ਮਹਿਮਦ ਵਾਲੀਆਂ, ਹਰਭਜਨ ਸਿੰਘ ਪੁੱਤਰ ਗੁਰਦੇਵ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਪਿੰਡ ਪ੍ਰਤਾਪ ਨਗਰ ਵਿਖੇ ਸ. ਮਹਿੰਗਾ ਸਿੰਘ ਦੀ ਮਾਤਾ ਛਿੰਦਰ ਕੌਰ ਪੁੱਤਰੀ ਸ. ਬਸੰਤ ਸਿੰਘ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਮਾਸਟਰ ਰਣਜੀਤ ਸਿੰਘ ਪੁੱਤਰ ਸ. ਦਰਸ਼ਨ ਸਿੰਘ, ਸੇਵਾ ਸਿੰਘ ਪੁੱਤਰ ਲਾਲ ਸਿੰਘ ਦੇ ਘਰਾਂ ਵਿੱਚ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਪਿੰਡ ਅਮਰਾਸਰ ਖੁਰਦ ਵਿਖੇ ਸਰਪੰਚ ਦਲਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਦੇ ਨਵੇਂ ਮਕਾਨ ਦੀ ਨੀਂਹ ਰੱਖਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਮਸਤਾਨਗੜ੍ਹ ਆਣ ਪ੍ਰਸ਼ਾਦ ਪਾਣੀ ਛਕਿਆ ਅਤੇ ਪਿੰਡ ਮੌਜੂਖੇੜਾ ਵਿਖੇ ਉਸਤਾਦ ਨੱਥਾ ਸਿੰਘ ਜੀ ਦੇ ਸਪੁੱਤਰ ਸਤਪਾਲ ਸਿੰਘ ਦੀ ਧਰਮ ਪਤਨੀ ਬੀਬੀ ਸਿੰਦਰ ਕੌਰ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ ਜੋ ਪਿਛਲੇ ਦਿਨੀਂ ਚੜ੍ਹਾਈ ਕਰ ਗਏ ਸਨ। ਜਥੇ. ਜਸਵਿੰਦਰ ਸਿੰਘ ਭਿੰਡਰ ਨੇ ਕਥਾ ਕੀਤੀ ਅਤੇ ਸ. ਸੁਵਰਨ ਸਿੰਘ ਵਿਰਕ ਨੇ ਸ਼ਰਧਾਂਜਲੀ ਸ਼ਬਦ ਆਖੇ। ਬੀਬੀ ਸਿੰਦਰ ਕੌਰ ਨਮਿੱਤ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਏਥੇ ਹੀ ਸ੍ਰੀ ਸਤਿਗੁਰੂ ਜੀ ਨੇ ਪਿੰਡ ਨਾਈਵਾਲਾ ਵਿਖੇ ਸ. ਬਲਵਿੰਦਰ ਸਿੰਘ ਪੁੱਤਰ ਬਸੰਤ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਏਥੇ ਹੀ ਕਾਕਾ ਰਮਨੀਤ ਸਿੰਘ ਪੁੱਤਰ ਸ. ਰਣਜੀਤ

ਸਿੰਘ ਦਮਦਮਾ ਨੂੰ ਦਸਤਾਰ ਸਜਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਏਥੇ ਹੀ ਸ੍ਰੀ ਸਤਿਗੁਰੂ ਜੀ ਆਪਣੇ ਇਸ ਦੌਰੇ ਦੀ ਸਮਾਪਤੀ ਕਰਦੇ ਹੋਏ। ਮੁਕਤਸਰ ਦੇ ਇਲਾਕੇ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

.......................................................................

## ਸ੍ਰੀ ਮੁਕਤਸਰ ਸਾਹਿਬ ਵਿਖੇ ਨਾਮਧਾਰੀ ਧਰਮਸ਼ਾਲਾ ਦਾ ਨੀਂਹ ਪੱਥਰ ਰੱਖਿਆ

ਇਤਿਹਾਸਿਕ ਅਤੇ ਪਵਿੱਤਰ ਨਗਰੀ ਹੈ ਪੰਜਾਬ ਦਾ ਜ਼ਿਲ੍ਹਾ ਮੁਕਤਸਰ ਸਾਹਿਬ। ਜੋ ਸਿੱਖ ਇਤਿਹਾਸ ਦੇ ਪੰਨਿਆਂ ਵਿੱਚ ਜਿਕਰਯੋਗ ਸਥਾਨ ਰੱਖਦੀ ਹੈ। ਭਾਈ ਮਹਾਂ ਸਿੰਘ ਅਤੇ ਉਸਦੇ ਸਾਥੀਆਂ ਦੀ ਕੁਰਬਾਨੀ ਅਤੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰ ਮਿਲਾਪ ਦੀ ਗਵਾਹੀ ਭਰਦੀ ਹੈ। ਜੁਗ ਪਲਟਾਊ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਅਤੇ ਟੁੱਟੀ ਗੰਢਣਹਾਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਨਿਵਾਜ਼ਣੀ ਥਾਂ ਹੈ। ਮੁਕਤਸਰ ਸਾਹਿਬ ਦੀ ਧਰਤੀ ਜਿੱਥੇ ਅਨੇਕਾਂ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀਆਂ ਬਖਸ਼ਿਸ਼ਾਂ ਕੀਤੀਆਂ ਅਤੇ ਚਰਨ ਪਾਏ। ਵਰਤਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਗੁਰਗੱਦੀ ਤੇ ਸੁਭਾਇਮਾਨ ਹੋਣ ਉਪਰੰਤ ਆਪਣਾ ਪਹਿਲਾਂ ਦੌਰਾ ਇਸ ਧਰਤੀ ਤੋਂ ਆਰੰਭ ਕੀਤਾ। ਮੁਕਤਸਰ ਸਾਹਿਬ ਦੇ ਵਿਚਕਾਰ ਬਠਿੰਡਾ-ਕੋਟਕਪੂਰਾ ਰੋੜ ਤੇ ਸਥਿਤ ਹੈ ਨਾਮਧਾਰੀ ਧਰਮਸ਼ਾਲਾ ਜਿਸ ਦੀ ਪੁਰਾਣੀ ਬਿਲਡਿੰਗ ਦੀ ਸਥਿਤੀ ਬਹੁਤ ਨਾਜ਼ੁਕ ਹੋ ਚੁਕੀ ਸੀ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬਿਲਡਿੰਗ ਨੂੰ ਨਵੇਂ ਸਿਰੇ ਤੋਂ ਬਣਾਉਣ ਲਈ ਵਿਧੀ ਪੂਰਵਕ ਨਕਸ਼ਾ ਤਿਆਰ ਕੀਤਾ ਗਿਆ ਹੈ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਜੀਵਨ ਨਗਰ ਇਲਾਕੇ ਦੇ ਦੌਰੇ ਤੋਂ ਵਾਪਸੀ ਸਮੇਂ ਮਿਤੀ 13 ਜਨਵਰੀ 2024 ਨੂੰ ਸ੍ਰੀ ਮੁਕਤਸਰ ਸਾਹਿਬ ਵਿਖੇ ਦਰਸ਼ਨ ਦਿੱਤੇ ਅਤੇ ਨਾਮਧਾਰੀ ਧਰਮਸ਼ਾਲਾ ਦੇ ਨਵ-ਨਿਰਮਾਣ ਦੇ ਕਾਰਜ ਦਾ ਆਰੰਭ ਕਰਦੇ ਹੋਏ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਧਰਮਸ਼ਾਲਾ ਦੀ ਨੀਂਹ ਰੱਖ ਕੇ ਕਾਰਜ ਆਰੰਭ ਕੀਤਾ। ਇਲਾਕੇ ਦੀ ਸੰਗਤ ਵਿੱਚ ਨਵੀਂ ਧਰਮਸ਼ਾਲਾ ਦੀ ਉਸਾਰੀ ਨੂੰ ਲੈਕੇ ਕਾਫੀ ਉਤਸ਼ਾਹ ਹੈ। ਸੂਬਾ ਸਰਬਜੀਤ ਸਿੰਘ ਮਲੋਟ ਅਤੇ ਪ੍ਰਧਾਨ ਸ. ਗੁਰਭੇਜ ਸਿੰਘ ਦੀ ਅਗਵਾਈ ਵਿੱਚ ਇਹ ਕਾਰਜ ਕਰਵਾਇਆ ਜਾ ਰਿਹਾ ਹੈ। ਇੱਥੇ ਹੀ ਵਾਪਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਮਲੋਟ ਰੋਡ ਤੇ ਡਾ. ਰਵਜੋਤ ਸਿੰਘ ਭੁੱਲਰ ਦੁਆਰਾ ਚੜਾਏ ਜਾ ਰਹੇ ਭੁੱਲਰ ਮਲਟੀ ਸਪੈਸਲਿਸਟ ਹਸਪਤਾਲ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਵਾਪਸੀ ਸਮੇਂ ਮਲੋਟ ਸ਼ਹਿਰ ਦੇ ਹਰਗੋਬਿੰਦ ਨਗਰ ਵਿਖੇ ਸ. ਬਲਵਿੰਦਰ ਸਿੰਘ ਪੁੱਤਰ ਸ. ਖੰਡਾ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

.......................................................................

## ਪਿੰਡ ਫੂਲੇਵਾਲ ਵਿਖੇ ਮਾਘੀ ਦਾ ਮੇਲਾ ਮਨਾਇਆ ਗਿਆ

ਨਾਮਧਾਰੀ ਇਤਿਹਾਸ ਵਿੱਚ ਉਚੇਚਾ ਜਿਕਰ ਆਉਂਦਾ ਹੈ ਜ਼ਿਲ੍ਹਾ ਮੁਕਤਸਰ ਸਾਹਿਬ ਦੇ ਪਿੰਡ ਫੂਲੇਵਾਲ ਦਾ। ਕਿਉਂਕਿ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ 1872 ਵਿੱਚ ਜਲਾਵਤਨ ਕੀਤੇ ਗਏ ਸੂਬਾ ਮਲੂਕ ਸਿੰਘ ਜੀ ਇਸੇ ਨਗਰ ਦੇ ਸਨ। ਇੱਥੇ ਉਹਨਾਂ ਦੀ ਯਾਦ ਵਿੱਚ ਨਗਰ ਬਣਿਆ ਹੋਇਆ ਹੈ। ਇਸ ਵਾਰੀ ਮਾਘੀ ਮੁਕਤਸਰ ਦਾ ਮੇਲਾ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਇਸੇ ਹੀ ਸਥਾਨ ਤੇ ਪਿੰਡ ਫੂਲੇਵਾਲ ਵਿਖੇ ਮਨਾਇਆ ਗਿਆ। ਸ੍ਰੀ ਸਤਿਗੁਰੂ ਜੀ ਨੇ ਸਵੇਰੇ ਅੰਮ੍ਰਿਤ ਵੇਲੇ ਮਿਤੀ 14 ਜਨਵਰੀ 2024 ਦਿਨ ਐਤਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਦਿੱਤੀ ਅਤੇ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਸਰਮੁਖ ਸਿੰਘ, ਸ਼ਾਮ ਸਿੰਘ ਅਤੇ ਗੁਰਭਗਤ ਸਿੰਘ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਅੱਜ ਦਾ ਇਹ ਸਮਾਗਮ ਭਾਈ ਮਹਾਂ ਸਿੰਘ ਅਤੇ ਉਸਦੇ ਸਾਥੀ ਸ਼ਹੀਦਾਂ ਦੀ ਯਾਦ ਵਿੱਚ ਸੀ। ਵਾਰ ਦੀ ਸਮਾਪਤੀ ਤੋਂ ਬਾਅਦ ਦਾਸ ਨੂੰ ਕੁਝ ਸਮਾਂ ਬੋਲਣ ਦਾ ਹੁਕਮ ਹੋਇਆ। ਏਸੇ ਤਰਾਂ ਡੇਰੇ ਦੀ ਸੇਵਾ ਕਰ ਰਹੇ ਮਹੰਤ ਬੂਟਾ ਸਿੰਘ ਅਤੇ ਨਗਰ ਵਲੋਂ ਰਾਮ ਸਿੰਘ ਵੀ ਮਾਈਕ ਤੇ ਬੋਲੇ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਹੁਕਮ ਕੀਤਾ ਕਿ ਆਪਣੇ ਬੱਚਿਆ ਨੂੰ ਗੁਰਸਿੱਖੀ ਨਾਲ ਜੋੜੋ, ਗੁਰਬਾਣੀ ਨਾਲ ਜੋੜੋ ਅਤੇ ਨਾਮ ਸਿਮਰਨ ਦੀ ਮਹਾਨਤਾ ਬਾਰੇ ਬੱਚਿਆਂ ਨੂੰ ਦੱਸਿਆ ਜਾਵੇ। ਏਥੇ ਵਾਪਸੀ ਸਮੇਂ ਮਲੋਟ ਦੇ ਅਮਨ ਨਗਰ

ਗਲੀ ਨੰ.6 ਵਿਖੇ ਬੀਬੀ ਕੈਲਾਸ਼ ਰਾਣੀ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਜ਼ਿਲ੍ਹਾ ਮੁਕਤਸਰ ਸਾਹਿਬ ਦੇ ਕਸਬਾ ਮਲੋਟ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਸ੍ਰੀ ਮੁਕਤਸਰ ਸਾਹਿਬ ਵਿਖੇ ਨਾਮਧਾਰੀ ਧਰਮਸ਼ਾਲਾ ਦੀ ਨੀਂਹ ਰੱਖਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ਼ਾਮ ਮਿਤੀ 13 ਜਨਵਰੀ 2024 ਦਿਨ ਸ਼ਨੀਵਾਰ ਨੂੰ ਮਲੋਟ ਸ਼ਹਿਰ ਦੇ ਨਜਦੀਕ ਹੀ ਸੂਬਾ ਸਰਬਜੀਤ ਸਿੰਘ ਜੀ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜਿੱਥੇ ਸ਼ਾਮ ਦਾ ਨਾਮ ਸਿਮਰਨ ਹੋਇਆ। ਏਥੇ ਹੀ ਜਥੇਦਾਰ ਨਿਸ਼ਾਨ ਸਿੰਘ ਜੀ ਦੇ ਜਥੇ ਨੇ ਦੀਵਾਨ ਸਜਾਇਆ। ਜਥੇਦਾਰ ਜੀ ਨੇ ਸ੍ਰੀ ਸਤਿਗੁਰੂ ਰਾਮ ਸਿਘ ਜੀ ਵਲੋਂ ਕੀਤੇ ਪਰਉਪਕਾਰਾਂ ਦਾ ਵਰਨਣ ਵਿਸਥਾਰ ਨਾਲ ਕੀਤਾ। ਇਲਾਕੇ ਦੀ ਸਾਧ ਸੰਗਤ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਪਹੁੰਚੀ ਹੋਈ ਸੀ। ਜਿਹਨਾਂ ਵਿੱਚ ਸੂਬਾ ਇੰਦਰਜੀਤ ਸਿੰਘ ਮੱਲ, ਸੂਬਾ ਬਲਬੀਰ ਸਿੰਘ ਢਿੱਲਵਾਂ ਅਤੇ ਡਾ, ਪੁਸ਼ਪਿੰਦਰ ਸਿੰਘ ਕੂਕਾ ਹਾਜਰ ਸਨ। ਸ਼ਾਮ ਦੇ ਪ੍ਰੋਗਰਾਮ ਸਮੇਂ ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਤੌਰ ਤੇ ਸ਼ੇਰ ਸਿੰਘ ਹਾਕੀ ਵਾਲੇ ਦੇ ਨਾਲ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਸਪੁੱਤਰ ਉੱਤਮ ਸਿੰਘ ਜੀ ਵੀ ਆਣ ਹਾਜ਼ਰ ਹੋਏ। ਜਿਕਰਯੋਗ ਹੈ ਕਿ ਸ਼੍ਰੀ ਉੱਤਮ ਸਿੰਘ ਜੀ ਦਾ ਇਹ ਸਹੁਰਾ ਪਰਿਵਾਰ ਹੈ। ਸੂਬਾ ਸਰਬਜੀਤ ਸਿੰਘ ਜੀ ਦੀ ਹੋਣਹਾਰ ਸਪੁੱਤਰੀ ਬੀਬਾ ਜੀਵਨ ਕੌਰ ਦਾ ਪੇਕਾ ਪਰਿਵਾਰ ਹੈ। ਸਾਰੇ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ਼੍ਰੀ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਸੇਵਕਾਂ ਸਹਿਤ ਏਥੇ ਹੀ ਡੇਰਾ ਕਰ ਰਾਤ ਵਿਸਰਾਮ ਕੀਤਾ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਬਜੀਦਪੁਰ ਵਿੱਚ ਮੇਲਾ

ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਨਾਮਧਾਰੀ ਵਿਦਿਅਕ ਜਥਾ ਬਜੀਦ ਪੁਰ ਦੇ ਨੌਜਵਾਨਾਂ ਵੱਲੋਂ ਨਾਮਧਾਰੀ ਗੁਰਦਆਰਾ ਬਜੀਦ ਪੁਰ ਵਿਖੇ ਸਫ਼ਰ-ਏ-ਸ਼ਹਾਦਤ ਦੇ ਦਿਹਾੜਿਆਂ ਨੂੰ ਚੇਤੇ ਕਰਦਿਆਂ ਗਿਆਰ੍ਹਾਂ ਰੋਜ਼ਾ ਸ਼ਹੀਦੀ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਜਥੇ ਦੇ ਬੱਚਿਆਂ ਵੱਲੋਂ ਅਖੀਰਲੇ ਚਾਰ ਦਿਨ ਭਜਨ ਦੀ ਅਖੰਡ ਵਰਨੀ ਕੀਤੀ ਗਈ ਅਤੇ ਸੰਗਤ ਵੱਲੋਂ 1120 ਪਾਠ ਚੌਪਈ ਸਾਹਿਬ ਦੇ ਕੀਤੇ। ਰੋਜ਼ਾਨਾ ਸ਼ਾਮ ਨੂੰ ਗੁਰਪ੍ਰੀਤ ਸਿੰਘ ਤੇ ਇੰਦਰਪ੍ਰੀਤ ਕੌਰ ਦੇ ਜਥੇ ਵੱਲੋਂ ਸਾਹਿਬਜ਼ਾਦਿਆਂ ਦਾ ਗੌਰਵਮਈ ਇਤਿਹਾਸ ਸੰਗਤ ਨੂੰ ਸਰਵਣ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਵੱਲੋਂ ਕਵਿਤਾ, ਭਾਸ਼ਣ, ਗੀਤ ਆਦਿ ਵੀ ਪ੍ਰਸਤੁਤ ਕੀਤੇ ਗਏ। ਨਾਮਧਾਰੀ ਸਿੱਖ ਇਤਿਹਾਸ ਅਤੇ ਸਤਿਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਦਸਤਾਵੇਜ਼ੀ ਫਿਲਮਾਂ ਵੀ ਸੰਗਤ ਨੂੰ ਵਿਖਾਈਆਂ ਗਈਆਂ। ਭੋਗ ਸਮਾਗਮ 'ਤੇ ਸੰਤ ਬਲਜਿੰਦਰ ਸਿੰਘ ਜੀ ਨੇ ਜਥੇ ਸਹਿਤ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਕੀਤਾ। ਇੱਕ ਸਹਿਜ ਪਾਠ ਦਾ ਭੋਗ ਸ਼ਹੀਦਾਂ ਦੀ ਯਾਦ ਵਿੱਚ ਪਾਇਆ ਗਿਆ। ਗੁਰੂ ਕਾ ਲੰਗਰ ਵੀ ਅਟੁੱਟ ਵਰਤਾਇਆ ਗਿਆ। ਇਸ ਪ੍ਰਕਾਰ ਸਮੂਹ ਸਾਧ ਸੰਗਤ ਨੇ ਨਾਮ ਸਿਮਰਨ ਕਰਦਿਆਂ ਪੂਰੀ ਸ਼ਿੱਦਤ ਨਾਲ ਇਸ ਸਮਾਗਮ ਵਿੱਚ ਸੇਵਾ ਕੀਤੀ।

**ਇੰਦਰਪ੍ਰੀਤ ਕੌਰ ਬਜੀਦ ਪੁਰ**

.....................................................

## ਨਸ਼ੇ ਖਿਲਾਫ ਪਿੰਡ ਵਿੱਚ ਕਰੋ ਵਾੜਬੰਦੀ

ਸ੍ਰੀ ਸਤਿਗੁਰੂ ਉਦੇ ਸਿੰਘ ਜੀ 28 ਜਨਵਰੀ 2024 ਅੱਜ ਸਵੇਰੇ ਦੱਸ ਵਜੇ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਦੇ ਸਾਰੇ ਨੌਜਵਾਨਾਂ ਨੂੰ ਕੋਠੀ ਵਿੱਚ ਸੱਦਿਆ। ਸ੍ਰੀ ਸਤਿਗੁਰੂ ਜੀ ਨੇ ਨੌਜਵਾਨਾਂ ਨੂੰ ਸੰਬੋਧਨ ਹੁੰਦਿਆ ਕਿਹਾ ਆਪਾਂ ਪੰਜਾਬ ਦੇ ਹਲਾਤਾਂ ਤੋਂ ਭਲੀ-ਭਾਂਤ ਜਾਣੂ ਹਾਂ ਨਸ਼ੇ ਦੇ ਕਾਰੋਬਾਰੀ ਲਗਾਤਾਰ ਆਪਣੀਆਂ ਜੜ੍ਹਾਂ ਫੈਲਾ ਰਹੇ ਸਨ। ਪੰਜਾਬ ਦੇ ਪਿੰਡ ਪਿੰਡ ’ਚ ਨਸ਼ਾਂ ਪਹੁੰਚ ਚੁੱਕਿਆ ਹੈ। ਇਸ ਤੋਂ ਅੱਗੇ ਨਸ਼ੇ ਦੇ ਕਾਰੋਬਾਰੀਆਂ ਨੇ ਇਸ ਦੀ ਸਪਲਾਈ ਦੀ ਪਹੁੰਚ ਹਰ ਘਰ ਤੱਕ ਬਣਾ ਲਈ ਹੈ। ਪਿਛਲੇ ਸਮੇਂ ਵਿੱਚ ਸਾਡੇ ਕੋਲ ਕਈ ਰਿਪੋਰਟਸ ਆਪਣੇ ਕਈ ਮੁੰਡਿਆ ਦੀਆਂ ਵੀ ਆਈਆਂ ਜੋ ਨਸ਼ੇ ਦੇ ਸ਼ਿਕਾਰ ਹੋ ਗਏ ਹਨ। ਅਸੀਂ ਪੁਲਿਸ ਨੂੰ ਵੀ ਦੱਸਿਆ ਪਰ ਉਹ ਇਸ ਪੂਰੇ ਮਾਮਲੇ ਵਿੱਚ ਫੇਲ

ਰਹੀ। ਸਾਡੇ ਪਿੰਡ ਬਾਹਰੋਂ ਵੀ ਬੰਦੇ ਆ ਨਸ਼ਾ ਵੇਚਦੇ ਹਨ ਜਿਨ੍ਹਾਂ ਦੀ ਪਹਿਚਾਣ ਕਰਨੀ ਜ਼ਰੂਰੀ ਹੈ। ਕੁਝ ਆਪਣੇ ਬੰਦਿਆ ਦਾ ਵੀ ਉਹਨਾਂ ਨਾਲ ਬਹਿਨ ਖਲੋਣ ਹੈ। ਹੁਣ ਸਾਨੂੰ ਸਾਰਿਆਂ ਨੂੰ ਸੁਚੇਤ ਹੋਣਾ ਚਾਹੀਦਾ ਹੈ ਇਹ ਸਾਡਾ ਪਿੰਡ ਪਵਿੱਤਰ ਇਤਿਹਾਸਿਕ ਪਿੰਡ ਹੈ ਤੇ ਸਾਨੂੰ ਆਪਣੇ ਪਿੰਡ ਨੂੰ ਬਚਾਉਣ ਲਈ ਲਾਮਬੰਦ ਹੋਣਾ ਚਾਹੀਦਾ ਹੈ। ਨਸ਼ਾ ਖਾਣ ਅਤੇ ਵੇਚਣ ਵਾਲਿਆਂ ਦੀ ਪਹਿਚਾਣ ਕਰੋ। ਉਹਨਾਂ ਨੂੰ ਹਰ ਹੀਲਾ ਵਰਤ ਕੇ ਰੋਕਿਆ ਜਾਵੇ। ਹਰ ਨੌਜਵਾਨ ਦਾ ਫ਼ਰਜ ਹੈ ਕਿ ਉਹ ਇਸ ਵਰਤਾਰੇ ਪ੍ਰਤੀ ਸੁਚੇਤ ਹੋਵੇ ਆਪਣੇ ਸਾਥੀਆਂ ਨੂੰ ਇਤਲਾਹ ਦੇਵੇ ਅਤੇ ਫ਼ੌਰੀ ਕਾਰਵਾਈ ਕੀਤੀ ਜਾਵੇ। ਸ੍ਰੀ ਸਤਿਗੁਰੂ ਜੀ ਨੇ ਸਾਰੇ ਨੌਜਵਾਨਾਂ ਨੂੰ ਕਿਹਾ ਸਾਡਾ ਪਿੰਡ ਸਾਡਾ ਭਵਿੱਖ ਹੈ ਆਪਣੇ ਬੱਚਿਆ ਨੂੰ ਸੁਰੱਖਿਅਤ ਭਵਿੱਖ ਦੇਣ ਲਈ ਅਸੀਂ ਸਾਰੇ ਰਲ ਯਤਨ ਕਰੀਏ। ਸੁਚੇਤ ਰਹੋ ਤੇ ਯਤਨਸ਼ੀਲ ਰਹੋ ਤਾਂ ਕਿ ਨਸ਼ਾ ਸਾਡੇ ਪਿੰਡ ਨਾ ਵੜ ਸਕੇ। ਇਸ ਮੀਟਿੰਗ ਤੋਂ ਬਾਅਦ ਨੌਜਵਾਨਾਂ ਨੇ ਆਪਸ ਵਿੱਚ ਇਸ ਗੰਭੀਰ ਮੁੱਦੇ ਤੇ ਗੱਲਬਾਤ ਕਰਦਿਆਂ ਆਪਣੀਆਂ ਜਿੰਮੇਵਾਰੀਆਂ ਤਹਿ ਕੀਤੀਆਂ।

**ਗੁਰਲਾਲ ਸਿੰਘ**

.......................................................

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੇ ਵਿਸ਼ੇਸ਼ ਲੈਕਚਰ

**21 ਜਨਵਰੀ 2024**

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸ੍ਰੀ ਭੈਣੀ ਸਾਹਿਬ ਮਨਾਇਆ ਗਿਆ। ਇਸ ਮੌਕੇ ਤੇ ਵਿਸ਼ੇਸ਼ ਲੈਕਚਰ ਹੋਏ। ਜਿਨ੍ਹਾਂ ਵਿੱਚ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਵਿਸ਼ਿਆ 'ਤੇ ਵਿਦਵਾਨ ਸੱਜਣਾਂ ਨੇ ਸੰਗਤ ਨੂੰ ਸੰਬੋਧਨ ਕੀਤਾ।

ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਸੱਚਮੁੱਚ ਇਕ ਵਿਚਤਰ ਜੀਵਨ ਹੈ। ਜਿਸ ਦੇ ਵੱਖ-ਵੱਖ ਪੜਾਹ ਨਵੀਆਂ ਚੁਣੌਤੀਆਂ ਨਾਲ ਭਰੇ ਹੋਏ ਹਨ। ਮੁਸੀਬਤਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਕੇ ਆਪ ਨੇ ਜੀਵਨ ਦੀ ਨਿਰੰਤਰਤਾ ਨੂੰ ਨਵਾਂ ਹੁਲਾਰਾ ਦਿੱਤਾ। ਹਰ ਮੁਸ਼ਕਿਲ ਸਥਿਤੀ ਵਿੱਚ ਕੌਮ ਨੂੰ ਨਵਾਂ ਜੁਝਾਰੂ ਗੀਤ ਦਿੱਤਾ ਜਿਸ ਦਾ ਨਾਦ ਸਾਰੀ ਪ੍ਰਕਿਰਤੀ ਵਿੱਚ ਗੂੰਜ ਉਠਿਆ। ਆਪ ਦੀ ਬਾਣੀ ਮੁਰਦਿਆਂ ਰੂਹਾਂ ਵਿੱਚ ਨਵਾਂ ਜੀਵਨ ਪਾਉਣ ਵਾਲੀ ਹੈ। ਆਪ ਫਰਮਾਨ ਕਰਦੇ ਹੋ-

ਸੁਨੈ ਸੂਮ ਸੋਫੀ ਲਰੈ ਜੁੱਧ ਗਾਢੇ

ਆਪ ਦਾ ਜੀਵਨ ਸੰਘਰਸ਼ ਪਟਨੇ ਦੀ ਧਰਤੀ ਤੋਂ ਸ਼ੁਰੂ ਹੋ ਵੱਖ-ਵੱਖ ਪੜਾਵ ਤਹਿ ਕਰਦਾ ਇਕ ਅਮੋੜ ਦਰਿਆ ਵਾਂਗ ਮਨੁੱਖੀ ਮਨਾਂ ਦੀਆਂ ਧਰਤੀਆਂ ਨੂੰ ਸਰਸਬਜ਼ ਕਰਦਾ ਨਿਕਲਦਾ ਹੈ। ਨਿੱਜ ਤੋਂ ਉਤੇ ਉੱਠ ਸਮਾਜ ਬਾਰੇ ਸੋਚਣ ਵਾਲਾ ਖਾਲਸਾ ਪੈਦਾ ਕੀਤਾ ਜੋ ਪ੍ਰੰਪਰਿਕ ਧਰਮਾਂ ਤੋਂ ਨਿਆਰਾ ਸੀ। ਆਪ ਦੀ ਤਲਵਾਰ 'ਚੋਂ ਨਿਕਲੀ ਕ੍ਰਾਂਤੀ ਨੇ ਲਖਾਂ ਮਰਜੀਵੜੇ ਪੈਦਾ ਕੀਤੇ। ਜਿਨ੍ਹਾਂ ਨੇ ਇਸ ਦੇਸ਼ ਦਾ ਇਤਿਹਾਸ ਬਦਲ ਦਿੱਤਾ। ਇਹ ਗੱਲ ਬਿਲਕੁਲ ਸੱਚ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਦਾ ਭਾਰਤ ਅਤੇ ਬਾਅਦ ਦੇ ਭਾਰਤ ਵਿੱਚ ਜਮੀਨ ਅਸਮਾਨ ਦਾ ਫਰਕ ਸੀ।

ਸ੍ਰੀ ਭੈਣੀ ਸਾਹਿਬ ਹੋ ਰਹੇ ਇਸ ਪ੍ਰੋਗਰਾਮ ਬਾਰੇ ਕਈ ਦਿਨ ਪਹਿਲਾਂ ਹੀ ਪੋਸਟਰ ਸ਼ੋਸ਼ਲ ਮੀਡੀਆਂ ਤੇ ਭੇਜੇ ਜਾ ਚੁੱਕੇ ਸੀ। 21 ਜਨਵਰੀ ਨੂੰ ਸਵੇਰੇ ਆਸਾ ਦੀ ਵਾਰ ਤੋਂ ਬਾਅਦ ਵੀ ਸੂਬਾ ਬਲਵਿੰਦਰ ਸਿੰਘ ਨੇ ਅਨਾਊਂਸ ਕੀਤਾ ਕਿ ਅੱਜ ਵਿਸ਼ੇਸ਼ ਪ੍ਰੋਗਰਾਮ ਹੈ। ਗਿਆਰਾਂ ਵੱਜੇ ਦੀਵਾਨ ਦੀ ਆਰੰਭਤਾ ਹੋਈ ਸੂਬਾ ਸੰਦੀਪ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੇ ਵਿਸ਼ੇਸ਼ ਇਤਿਹਾਸ ਦੇ ਵਿਚੋਂ ਦੋ ਤਿੰਨ ਘਟਨਾਵਾਂ ਆਪਣੇ ਸਮੇਂ ਵਿੱਚ ਸਾਂਝੀਆਂ ਕੀਤੀਆ। ਬਾਹਰੋਂ ਆਏ ਵਿਸ਼ੇਸ਼ ਮਹਿਮਾਨ ਵੀ ਪਹੁੰਚ ਚੁੱਕੇ ਸੀ। ਗੁਰਲਾਲ ਸਿੰਘ ਨੇ ਸਟੇਜ ਸਕੱਤਰਤਾ ਕਰਦਿਆਂ ਦੱਸਿਆ। ਅੱਜ ਸਾਡੇ ਕੋਲ ਚਾਰ ਮੁੱਖ ਬੁਲਾਰੇ ਹਨ ਜੋ ਆਪਣੇ ਸਮੇਂ ਵਿੱਚ ਸੰਗਤ ਨੂੰ ਸੰਬੋਧਨ ਹੋਣਗੇ। ਸਭ ਤੋਂ ਪਹਿਲਾਂ ਸੰਤ ਨਿਸ਼ਾਨ ਸਿੰਘ ਜੀ ਨੇ ਆਪਣਾ ਵਖਿਆਣ ਸ਼ੁਰੂ ਕੀਤਾ। ਸੰਤ ਜੀ ਦੇ ਭਾਸ਼ਣ ਦਾ ਵਿਸ਼ਾ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਸੀ ਆਪ ਨੇ ਦੱਸਿਆ ਕਿਵੇਂ ਇਹ ਬਾਣੀ ਜਿਥੇ ਅਧਿਆਤਮ ਦੀਆਂ ਉਚੀਆਂ ਮੰਜਿਲਾ ਦਾ ਸਫ਼ਰ ਹਰ ਪਾਠਕ ਨੂੰ ਕਰਾਉਂਦੀ ਹੈ ਓਥੇ ਉਚ ਸ੍ਰੇਣੀ ਦੀ ਇਹ ਕਵਿਤਾ ਕਾਵਿਕ ਪੱਖ ਤੋਂ ਬਹੁਰ ਅਮੀਰ ਹੈ। ਸੰਤ ਜੀ ਨੇ ਦਸਮ ਬਾਣੀ ਦੇ ਵਿਸ਼ੇ ਨੂੰ ਆਦਿ ਬਾਣੀ ਵਾਲਾ ਵਿਸ਼ਾ ਦੱਸਦਿਆਂ ਕਿਹਾ ਕਿ ਇਨ੍ਹਾਂ ਦੋਵਾਂ ਮਹਾਨ ਗ੍ਰੰਥਾਂ ਵਿੱਚ ਕੋਈ ਭੇਦ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀ ਮਨੁੱਖਤਾ ਤੇ ਵੱਖ-ਵੱਖ ਧਰਮਾਂ ਨੂੰ ਇਕ ਸੂਤਰ ਵਿੱਚ ਬੰਨਦਿਆ ਕਿਹਾ ਸੀ-

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।
ਕੋਊ ਭਇਓ ਮੁੰਡੀਆ ਸੰਨਿਆਸੀ ਕੋਊ
ਜੋਗੀ ਭਇਓ ਕੋਊ ਬ੍ਰਮਚਾਰੀ ਕੋਊ ਜਤੀ ਅਨੁਮਾਨਬੋ॥

ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ
ਮਾਨਸ ਜੀ ਜਾਤਿ ਸਭੈ ਏਕੈ ਪਹਚਾਨ ਬੋ॥

ਸੰਤ ਜੀ ਨੇ ਦਸਮ ਬਾਣੀ ਦੇ ਪ੍ਰਮਾਣਾ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਅਥਾਹ ਤੇ ਸ੍ਰੇਸਟ ਬਾਣੀ ਦੇ ਗੁਣਾਂ ਨੂੰ ਸੰਗਤ ਸਾਹਮਣੇ ਪੇਸ਼ ਕੀਤਾ। ਦੂਸਰੇ ਬੁਲਾਰੇ ਸਨ ਜਸਵੰਤ ਸਿੰਘ ਜ਼ਫ਼ਰ। ਜ਼ਫ਼ਰ ਸਾਹਿਬ ਨੇ ਚਾਰ ਕਵਿਤਾ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਵੱਖ-ਵੱਖ ਹਿਸਿਆਂ ਨਾਲ ਸੰਬੰਧਿਤ ਸਨ ਪੇਸ਼ ਕੀਤੀਆਂ। ਕਵਿਤਾ ਪਾਠ ਇਨ੍ਹਾਂ ਠਹਿਰਾ ਤੇ ਅਨੰਦ ਦੇਣ ਵਾਲਾ ਸੀ ਕਿ ਸੰਗਤ ਸਾਹ ਰੋਕ ਖ਼ਮੋਸ਼ ਸੁਣਦੀ ਰਹੀ। ਇਨ੍ਹਾਂ ਵਿਚੋਂ ਇਕ ਕਵਿਤਾ ਭਾਈ ਘਨਈਆ ਜੀ ਨਾਲ ਸੰਬੰਧਿਤ ਸੀ ਜਿਸ ਦੇ ਇਹ ਬੋਲ ਬਕਮਾਲ ਸਨ-

ਭਾਈ ਘਨੱਈਆ ਗੁਰੂ ਦਾ ਉਪਦੇਸ਼ ਕਮਾਉਂਦਾ
ਓਸ ਆਪਣੀ ਕਿਰਪਾਨ ਦੇ ਵਖਰੇ ਅਰਥ ਜਾਣੇ
ਗੁਰੂ ਨੇ ਘਨੱਈਏ ਨੂੰ ਕਿਰਪਾਨ ਸਜਾਉਦਿਆਂ
ਮੁਸਕਰਾਉਂਦਿਆ ਲਾਡ ਨਾਲ ਪੁਛਿਆ
ਕੀ ਕਰੇਂਗਾ ਏਸ ਕਿਰਪਾਨ ਨਾਲ
ਤਾਂ ਭੋਲੇ ਭਾਅ ਬੋਲਿਆ ਘਨੱਈਆ
ਜਦੋਂ ਕੋਈ ਹਤਿਆਰਾ ਮੇਰੀ ਜਾਨ ਲੈਣ ਆਏਗਾ
ਮੈਂ ਕਹਾਂਗਾ
ਪਿਆਰੇ ਕਿਉਂ ਖੇਚਲ ਦਿੰਨਾਂ
ਆਪਣੀ ਦੁਸ਼ਮਣੀ ਦੀ ਤਲਵਾਰ ਨੂੰ
ਫੜ ਮੇਰੇ ਗੁਰੂ ਦੀ ਬਖ਼ਸ਼ੀ ਪਿਆਰ ਨਿਸ਼ਾਨੀ
ਮੇਰੀ ਜਾਨ ਏਸ ਦੀ ਧਾਰ ਤੋਂ ਜਾਵੇ
ਮੇਰੀ ਮੌਤ ਦਾ ਰਸਤਾ
ਗੁਰੂ ਦੇ ਪਿਆਰ 'ਚੋ ਜਾਵੇ।
ਭਾਈ ਘਨੱਈਆ ਨਾ ਕ੍ਰਿਸ਼ਨ ਸੀ
ਨਾ ਸਰਦਾਰ ਘਨੱਈਆ ਨਾ ਸਿੰਘ ਸੀ
ਭਾਈ ਘਨੱਈਆ ਤਾਂ ਬਸ
ਭਾਈ ਘਨੱਈਆ ਸੀ।

ਤੀਸਰੇ ਅੱਜ ਦੇ ਬੁਲਾਰੇ ਸੀ ਹਰਪਾਲ ਸਿੰਘ ਪੰਨੂ। ਹਰਪਾਲ ਪੰਨੂ ਨੇ ਪੰਜਾਬੀ ਜਗਤ ਵਿੱਚ ਸਾਖੀ ਸ਼ੈਲੀ ਨੂੰ ਨਵੀਂ ਪਹਿਚਾਣ ਦਿੱਤੀ ਹੈ। ਉਨ੍ਹਾਂ ਨੇ ਆਪਣੇ ਸਮੇਂ ਵਿੱਚ ਗੁਰੂ ਗੋਬਿੰਦ ਸਿੰਘ ਅਤੇ ਪੰਜਾਬ ਦੀ ਧਰਤੀ 'ਤੇ ਲਿਖੇ ਸਨਾਤਨੀ ਗ੍ਰੰਥਾਂ ਦੀ ਗੱਲਬਾਤ ਕੀਤੀ।

ਚੌਥੇ ਬੁਲਾਰੇ ਪਦਮ ਸ੍ਰੀ ਸੁਰਜੀਤ ਪਾਤਰ ਸਨ। ਪਾਤਰ ਜੀ ਨੇ ਆਪਣੀ ਕਵਿਤਾ 'ਦਸ਼ਮੇਸ਼ ਦਰਸ਼ਨ' ਸੰਗਤ ਸਾਹਮਣੇ ਪੇਸ਼ ਕੀਤੀ। ਆਰੰਭਲੇ ਬੋਲ ਸਨ-

ਆਪ ਤੂੰ ਸ਼ਾਇਰ ਇਲਾਹੀ
ਸ਼ਾਇਰਾਂ ਦਾ ਸਰਪਰੱਸਤ
ਸਹਿਸੰਰਾਂ ਕਲਮਾਂ ਦਾ ਮੰਜਰ
ਉਚਾ ਤੇਰਾ ਕਾਵਿ ਤੱਖਤ
ਸੁਣਨ ਨੂੰ ਤੇਰਾ ਕਹਿਆ
ਰੁਕ ਗਈ ਸੀ ਜਮੁਨਾ ਨਦੀ
ਸ਼ੋਰ ਪਾਉਂਦੀ ਚੁੱਪ ਹੋ ਗਈ
ਥੇਰੇ ਦਰ ਤੋਂ ਲੰਘਦੀ
ਸ਼ਾਇਰਾ ਦੀ ਨਮ-ਨਜ਼ਰ ਦਾ
ਤੂੰ ਸਦਾ ਨੂਰੇ ਨਜ਼ਰ
ਤੇਰੇ ਮੁੱਖ ਦੇ ਜ਼ਿਕਰ ਬਾਝੋ
ਹੁਸਨ ਹੀਨੀ ਹਰ ਇਕ ਸਤਰ।

ਪਾਤਰ ਜੀ ਨੇ ਗੁਰੂ ਗੋਬਿੰਦ ਸਿੰਘ ਦੇ ਉਚ ਕਾਵਿ ਦੀ ਪ੍ਰਸੰਸਾ ਕਰਦੇ ਕਿਹਾ ਇਸ ਤਰ੍ਹਾਂ ਦਾ ਕਾਵਿ ਗੁਰੂ ਗੋਬਿੰਦ ਸਿੰਘ ਜੀ ਜੈਸਾ ਮਹਾਨ ਕ੍ਰਾਂਤੀ ਵੀਰ ਹੀ ਲਿਖ ਸਕਦੇ ਹਨ। ਇਸ ਸਾਰਾ ਪ੍ਰੋਗਰਾਮ ਤਿੰਨ ਘੰਟਿਆ ਦਾ ਸੀ।

ਸ੍ਰੀ ਸਤਿਗੁਰੂ ਜੀ ਸਾਰੇ ਪ੍ਰੋਗਰਾਮ ਵਿੱਚ ਹਾਜ਼ਰ ਰਹੇ।

**ਗੁਰਲਾਲ ਸਿੰਘ**


## Matrimonial

**Suitable match for Ramgariya Girl**
DOB-7 May,1990
Time-3.15 a.m
Height-5.5
Dadka goth Dadiala
Nanka goth Sandhu
Qualifications- Double Masters, B.ED.
Net qualified
Working as educator
Contact details 9814273170
9814783170

ਸ੍ਰੀ ਸਤਿਗੁਰੂ ਜੀ ਪ੍ਰੋ. ਹਰਪਾਲ ਸਿੰਘ ਪਨੂੰ, ਡਾ. ਸੁਰਜੀਤ ਪਾਤਰ, ਜਸਵੰਤ ਸਿੰਘ ਜ਼ਫ਼ਰ ਅਤੇ ਲੁਧਿਆਣੇ ਤੋਂ ਆਏ ਸੱਜਣਾਂ ਨੂੰ ਨਿਵਾਜਦੇ ਹੋਏ।
ਮਿਤੀ: 21 ਜਨਵਰੀ 2024









ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਦੇ ਨੌਜਵਾਨਾਂ ਨੂੰ ਨਸ਼ੇ ਪ੍ਰਤੀ ਸੁਚੇਤ ਕਰਦੇ ਹੋਏ।
ਮਿਤੀ: 28 ਜਨਵਰੀ 2024



Date of Publication: 06 February 2024
Date of Posting: 08 February 2024

RNI NO.55658/93
LDM/008/2021-2023

ਸ੍ਰੀ ਸਤਿਗੁਰੂ ਜੀ ਸ. ਗੁਰਮੁਖ ਸਿੰਘ ਰਹਿਬਰ ਦੇ ਭੋਗ ਸਮੇਂ ਉਹਨਾਂ ਦੇ ਪਰਿਵਾਰ ਨੂੰ ਨਿਵਾਜ਼ਦੇ ਹੋਏ ਅਤੇ
ਸ. ਗੁਰਮੁਖ ਸਿੰਘ ਦੀਆਂ ਸਤਿਗੁਰੂ ਜੀ ਨਾਲ ਯਾਦਗਾਰੀ ਤਸਵੀਰਾਂ











Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.